ੴ ਵਾਹਿਗੁਰੂ ਜੀ ਕੀ ਫ਼ਤਿਹ।।

ੴ

ਸਭ ਤੇ ਵਡਾ ਸਤਿਗੁਰੂ ਨਾਨਕੁ...!

ਪ੍ਰੋ. ਇੰਦਰ ਸਿੰਘ ਘੱਗਾ

(ਇੰਟਰ ਨੈਸ਼ਨਲ ਸਿੱਖ ਮਿਸ਼ਨਰੀ)

ਪ੍ਰਕਾਸ਼ਕ

ਫਤਿਹ ਪਬਲੀਕੇਸ਼ਨਜ਼

91-ਵਿਦਿਆ ਨਗਰ, ਸਾਹਮਣੇ ਪੰਜਾਬੀ ਯੂਨੀਵਰਸਿਟੀ,

ਪਟਿਆਲਾ (ਪੰਜਾਬ)। ਮੋਬ. : 98144-55582

ਸਭ ਤੇ ਵਡਾ ਸਤਿਗੁਰੁ ਨਾਨਕੁ...!

ਪ੍ਰੋ. ਇੰਦਰ ਸਿੰਘ ਘੱਗਾ

(ਇੰਟਰ ਨੈਸ਼ਨਲ ਸਿੱਖ ਮਿਸ਼ਨਰੀ)

(ਮੋਬ. 98551-51699)

© ਸਭ ਹੱਕ ਲੇਖਕ ਦੇ ਰਾਖਵੇਂ ਹਨ

ਕੰਪਿਊਟਰ ਟਾਈਪਿੰਗ
ਕਮਲ ਕੰਪਿਊਟਰ,
ਸਾਹਮਣੇ ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਛਾਪਕ
ਡੈਫੋਡਿਲ ਪ੍ਰਿੰਟਿੰਗ ਪ੍ਰੈਸ
ਇੰਡਸਟਰੀ ਏਰੀਆ
ਪਟਿਆਲਾ।

ਮੁੱਲ : 10 ਰੁਪੈ

ਪਹਿਲੀ ਐਡੀਸ਼ਨ ਜੂਨ 2007

ਕਿਤਾਬਾਂ, ਕਿਤਾਬਚੇ ਅਤੇ ਸੀ.ਡੀ. ਪ੍ਰਾਪਤ ਕਰਨ ਲਈ ਪਤਾ

ਪ੍ਰਕਾਸ਼ਕ

ਫਤਿਹ ਪਬਲੀਕੇਸ਼ਨਜ਼

91-ਵਿਦਿਆ ਨਗਰ, ਸਾਹਮਣੇ ਪੰਜਾਬੀ ਯੂਨੀਵਰਸਿਟੀ,
ਪਟਿਆਲਾ (ਪੰਜਾਬ)। ਮੋਬ. : 98144-55582

ਸਭ ਤੇ ਵਡਾ ਸਤਿਗੁਰੁ ਨਾਨਕੁ.....!

ਅਕਾਲ ਪੁਰਖ ਵਾਹਿਗੁਰੂ ਜੀ ਨੇ ਕਿਰਪਾ ਕਰਕੇ, ਅਨੇਕ ਦੁੱਖਾਂ ਵਿਚ ਵਿਲਕ ਰਹੇ ਜੀਵਾਂ ਦੀ, ਧੁਰ ਹਿਰਦੇ ਵਿਚੋਂ ਉੱਠੀ ਸਮੂਹਕ ਹੂਕ ਸੁਣਕੇ, ਸਵੀਕਾਰ ਕੀਤੀ। ਸਾਰੀਆਂ ਬਖਸ਼ਿਸ਼ਾਂ ਰਹਿਮਤਾਂ ਦੇ ਖਜਾਨੇ, ਅਤੇ ਤਮਾਮ ਸ਼ਕਤੀਆਂ ਪਰਦਾਨ ਕਰਕੇ, ਸਤਿਗੁਰੂ ਨਾਨਕ ਸਾਹਿਬ ਜੀ ਨੂੰ ਧਰਤੀ ਤੇ ਪ੍ਰਕਾਸ਼ਮਾਨ ਹੋਣ ਦੀ ਆਗਿਆ ਕੀਤੀ। ਸਤਿਗੁਰੂ ਜੀ ਨੇ ਇਥੇ ਦੁਖੀ ਜੀਵਾਂ ਦੀ ਸਦੀਵ ਕਲਿਆਣ ਵਾਸਤੇ, ਬਹੁਤ ਗੰਭੀਰਤਾ ਨਾਲ ਸੋਚ ਵਿਚਾਰ ਕੀਤੀ। ਪੂਰੇ ਵੈਦ ਸਤਿਗੁਰੂ ਜੀ ਨੇ, ਰੋਗੀ ਸਮਾਜ ਨੂੰ ਅਰੋਗਤਾ ਬਖਸਿਣ ਹਿਤ, ਸਦਾ ਤੰਦਰੁਸਤ ਰਹਿਣ ਦੇ ਕਾਰਗਰ ਨੁਖ਼ਸੇ ਸੁਝਾਏ। ਮਨੁੱਖ, ਮਨ ਕਰਕੇ ਅਤੇ ਤਨ ਕਰਕੇ, ਸੁਖੀ ਜੀਵਨ ਬਤੀਤ ਕਰੇ। ਭਾਵੇਂ ਕਈ ਵਾਰੀ ਇਕ ਮਾਹਿਰ ਜਰਾਹ ਦੀ ਨਿਆਈਂ ਨਸ਼ਤਰ ਵਰਤਕੇ, ਰੋਗੀ ਦਾ ਗਲਿਆ ਸੜਿਆ ਸਰੀਰ ਦਾ ਹਿੱਸਾ ਭੀ ਕੱਟਣਾ ਕਿਉਂ ਨਾ ਪੈ ਜਾਵੇ। ਇਹ ਸੁਧਾਰਵਾਦੀ ਸਿਲਸਲਾ ਦੋ ਸੌ ਤੀਹ ਸਾਲ ਤੱਕ ਨਿਰੰਤਰ ਚਲਦਾ ਰਿਹਾ। ਕਿਉਂਕਿ ਸਮਾਜ ਨੂੰ ਲੱਗ ਚੁੱਕੇ ਰੋਗ, ਬਹੁਤ ਭਿਆਨਕ ਸਨ। ਕਰੀਬ ਇਕ ਹਜ਼ਾਰ ਸਾਲ ਤੋਂ ਪੁਸ਼ਤ ਦਰ ਪੁਸ਼ਤ, ਸਮੁੱਚੇ ਸਮਾਜ ਨੂੰ, ਖੋਖਲਾ ਕਰ ਚੁੱਕੇ ਸਨ। ਇਸ ਲਈ ਇਲਾਜ ਭੀ ਲੰਮੇਰਾ ਅਤੇ ਬਹੁਤ ਔਖਾ ਸੀ। ਪੂਰੇ ਵੈਦ ਸਤਿਗੁਰੂ ਨਾਨਕ ਸਾਹਿਬ ਜੀ ਨੇ, ਜਿਨ੍ਹਾਂ ਵਿਧੀਆਂ, ਢੰਗਾਂ ਨਾਲ ਮਾਨਸਿਕ ਅਤੇ ਸਰੀਰਕ ਰੋਗਾਂ ਦਾ ਉਪਚਾਰ ਕੀਤਾ, ਅਸਾਧ ਰੋਗ ਦੂਰ ਕਰਕੇ ਤੰਦਰੁਸਤੀ ਬਖਸੀ, ਉਹਨਾਂ ਦੀ ਇਕ ਇਕ ਕਰਕੇ, ਸੰਖੇਪ ਵਿਚਾਰ ਕੀਤੀ ਜਾ ਰਹੀ ਹੈ। ਸਤਿਗੁਰੂ ਜੀ ਦੇ ਕੀਤੇ ਉਪਕਾਰਾਂ ਦੀ ਗਿਣਤੀ ਕਰਨੀ ਅਸੰਭਵ ਹੈ। ਬੱਸ ਤੁੱਛ ਬੁੱਧੀ ਮੁਤਾਬਕ ਜੋ ਚੇਤੇ ਵਿਚ ਆਇਆ ਲਿਖ ਦਿਤਾ। ਇਹਨਾਂ ਲਿਖੀਆਂ ਗਈਆਂ ਕੁਝ ਸਤਰਾਂ ਵਿਚ ਸਾਫ ਸਪਸ਼ਟ ਨਜ਼ਰ ਆਵੇਗਾ ਕਿ –

ਗਿਆਨੁ ਧਿਆਨੁ ਕਿਛੁ ਕਰਮੁ ਨਾ ਜਾਣਾ, ਸਾਰ ਨ ਜਾਣਾ ਤੇਰੀ।।
ਸਭ ਤੇ ਵਡਾ ਸਤਿਗੁਰੂ ਨਾਨਕੁ ਜਿਨਿ ਕਲ ਰਾਖੀ ਮੇਰੀ॥ (750)

ਇਥੋਂ ਦੇ ਆਮ ਲੋਕਾਂ ਨੂੰ, ਪਰਮੇਸ਼ਰ ਦੇ ਨਾਂ ਤੇ, ਧਰਮ ਦਾ ਚੋਲਾ ਪਹਿਨ ਕੇ, ਸਦੀਆਂ ਤੋਂ ਲੁੱਟੀਦਾਂ ਆ ਰਿਹਾ ਹੈ। ਲੋਕੀ ਅਗਿਆਨ ਵਸ, ਕੂੜ ਪਰਚਾਰ ਨੂੰ ਸੱਚ ਮੰਨਕੇ, ਗਲ ਨਾਲ ਲਾਈ ਫਿਰਦੇ ਹਨ। ਕਪਲਤ ਦੇਵੀ ਦੇਵਤਿਆਂ ਦੀਆਂ ਮੂਤਰੀਆਂ ਬਣਵਾਕੇ, ਸ਼ਿੰਗਾਰ ਕੇ,

ਧਰਮ ਮੰਦਰਾਂ ਵਿਚ ਸਥਾਪਤ ਕਰਵਾਕੇ ਉਹਨਾਂ ਪੱਥਰਾਂ ਦੀ ਪੂਜਾ ਕਰਵਾਈ ਜਾਂਦੀ ਰਹੀ। ਸੰਘ ਪਾੜ ਪਾੜ ਕੇ ਊਚੀ ਸੁਰ ਵਿਚ ਹੋਕਾ ਦਿਤਾ ਗਿਆ– **"ਐ ਲੋਕੋ ਧਿਆਨ ਨਾਲ ਸੁਣੋ ! ਇਹ ਤੁਹਾਡੇ ਸਨਮੁਖ ਰੱਖੀ ਮੂਰਤੀ ਭਗਵਾਨ ਹੈ, ਇਹ ਤੁਹਾਡਾ ਲੋਕ ਪ੍ਰਲੋਕ ਸੰਵਾਰੇਗੀ। ਸ਼ਰਧਾ ਸਹਿਤ ਇਸ ਦੀ ਪੂਜਾ ਕਰੋ, ਇਸ ਅੱਗੇ ਕੀਮਤੀ ਭੇਟਾ ਰਖੋ.....।"** ਸਿੱਧੇ ਸਾਦੇ ਲੋਕਾਂ ਇਸ ਛਲਾਵੇ ਨੂੰ, ਸਤ ਬਚਨ ਕਰਕੇ, ਪ੍ਰਵਾਨ ਕਰ ਲਿਆ। ਮੂਰਤੀ ਨੂੰ ਭਗਵਾਨ ਸਮਝਕੇ, ਉਸ ਅੱਗੇ ਸਭ ਕੁਝ ਅਰਪਣ ਕਰ ਦਿਤਾ।

ਛਲੀਆ ਪੁਜਾਰੀ ਗ਼ਰੀਬਾਂ ਦੀ ਖ਼ੂਨ ਪਸੀਨੇ ਦੀ ਸਾਰੀ ਕਮਾਈ ਡਕਾਰਦਾ ਗਿਆ। ਚਲਾਕ ਪੁਜਾਰੀਆ ਨੇ ਭੋਲੇ ਲੋਕਾਂ ਤੋਂ ਕਾਂਵਾਂ ਕੁੱਤਿਆਂ ਦੀ, ਸੱਪਾਂ ਸੂਰਾਂ ਦੀ, ਅਣਗਿਣਤ ਪਸੂ ਪੰਛੀਆਂ ਦੀ ਪੂਜਾ ਕਰਵਾਈ। ਪੱਥਰਾਂ ਪਹਾੜਾਂ, ਚੰਦ, ਸੂਰਜ, ਧਰਤੀ, ਹਵਾ, ਪਾਣੀ, ਦਿਸਦੀਆਂ ਤੇ ਅਣਦਿਸਦੀਆਂ, ਸੱਭੇ ਸ਼ਕਤੀਆਂ ਦੀ ਪੂਜਾ ਕਰਨ ਦਾ ਹੁਕਮ ਦੇ ਦਿੱਤਾ। ਜੋਰ ਸ਼ੋਰ ਨਾਲ ਪ੍ਰਚਾਰਿਆ ਗਿਆ, ਬਸ ਜੋ ਕੁਝ ਤੁਹਾਨੂੰ ਕਿਹਾ ਗਿਆ ਹੈ ਇਹੀ ਕਰੋ, ਇਸੇ ਵਿਚ ਤੁਹਾਡਾ ਭਲਾ, ਅਤੇ ਸਵਰਗ ਲੁਕਿਆ ਹੋਇਆ ਹੈ। ਜਰਾ ਗਹਿਰਾਈ ਨਾਲ ਸੋਚੋ! ਮਨੁੱਖ ਗੁਣਾਂ ਕਰਕੇ ਸਾਰੇ ਜੀਵ ਜੰਤਾਂ ਨਾਲੋਂ ਸ਼੍ਰੋਮਣੀ ਹੈ। ਜਦੋਂ ਇਹ ਸ਼੍ਰੋਮਣੀ ਮਨੁੱਖ, ਕੁੱਤੇ, ਖੋਤੇ, ਕਾਂ ਜਾਂ ਸੂਰ ਅੱਗੇ ਹੱਥ ਜੋੜਕੇ ਖਲੋਤਾ, ਮਿੰਨਤਾਂ ਤਰਲੇ ਕਰ ਰਿਹਾ ਹੋਵੇ, ਪੁੱਤਰਾਂ ਦੀ ਦਾਤ, ਧਨ ਪਦਾਰਥ ਅਤੇ ਜ਼ਿੰਦਗੀ ਦੇ ਸਾਰੇ ਸੁਖਾਂ ਦੀ, ਇਹਨਾਂ ਜੀਵਾਂ ਤੋਂ ਚਾਹਨਾ ਕਰ ਰਿਹਾ ਹੋਵੇ, ਕੀ ਉਦੋਂ ਉਹ ਇਨਸਾਨ ਅਖਵਾਉਣ ਦਾ ਹੱਕਦਾਰ ਭੀ ਰਹਿ ਜਾਂਦਾ ਹੈ ? ਉਹ ਤਾਂ ਪਸ਼ੂ ਜੀਵਨ ਤੋਂ ਭੀ ਨੀਵਾਂ ਚਲਾ ਗਿਆ, ਜੋ ਪਸ਼ੂਆਂ ਅੱਗੇ ਮਨੋਕਾਮਨਾਵਾਂ ਵਾਸਤੇ ਤਰਲੇ ਕਰ ਰਿਹਾ ਹੈ। ਸਦੀਆਂ ਤੱਕ ਜੁਲਮ ਦੀ ਚਰਮ ਸੀਮਾ ਤੱਕ ਇਹੀ ਕੁਝ ਨਾ ਸਮਝ ਲੋਕਾਂ ਦੀ ਝੋਲੀ ਪਾਇਆ ਗਿਆ। ਕਬੀਰ ਸਾਹਿਬ ਜੀ ਨੂੰ ਇਸ ਪਾਪ ਕਰਮ ਦੇ ਖਿਲਾਫ ਅਵਾਜ ਬੁਲੰਦ ਕਰਦੇ, ਬਾਣੀ ਵਿਚੋਂ ਸੁਣਿਆ ਜਾ ਸਕਦਾ ਹੈ –

"ਹਮ ਗੋਰੂ ਤੁਮ ਗੁਆਰ ਗੁਸਾਈ ਜਨਮ ਜਨਮ ਰਖਵਾਰੇ॥
ਕਬਹੂੰ ਨ ਪਾਰਿ ਉਤਾਰਿ ਚਰਾਇਹੁ, ਕੈਸੇ ਖਸਮ ਹਮਾਰੇ॥" (482)

ਬਸ ਫਿਰ ਕੀ ਸੀ, ਮਾਨੋ ਗੋਰੂ ਅਤੇ ਗੁਆਰਾਂ ਦੀ ਪੁਕਾਰ ਸੁਣ/ਪ੍ਰਵਾਨ ਕਰਕੇ, "ਗੁਰੂ ਨਾਨਕ ਜਗ ਮਾਹਿ ਪਠਾਇਆ॥" (ਭਾ:ਗੁ) ਕਾਮਲ ਗੁਰੂ, ਦੁਖੀਆਂ ਦੇ ਦੁਖੜੇ ਹਰਨ ਵਾਲੇ,

ਮਹਾਨ ਰਹਿਬਰ ਨੇ ਬੜੇ ਹੀ ਪਿਆਰ ਭਰੇ ਤਰੀਕੇ ਨਾਲ, ਅਨੇਕ ਦਲੀਲਾਂ ਦੇ ਕੇ, ਭੋਲੇ ਲੋਕਾਂ ਨੂੰ ਪਸ਼ੂਆਂ ਪੰਛੀਆਂ, ਰੁੱਖਾਂ ਬਿਰਖਾਂ, ਬੁੱਤਾਂ ਤੇ ਅਵਤਾਰਾਂ ਵੱਲੋਂ, ਪਾਖੰਡੀ ਵਿਚੋਲਿਆਂ ਵੱਲੋਂ, ਮਨੁੱਖ ਮਾਤਰ ਨੂੰ ਮੋੜਕੇ, ਅਕਾਲ ਪੁਰਖ ਜੀ ਦੇ ਗਿਆਨ ਨਾਲ ਜੋੜਿਆ। ਚੰਗੀ ਤਰ੍ਹਾਂ ਇਹ ਸਮਝਾ ਦਿੱਤਾ ਕਿ ਸਭਨਾਂ ਨੂੰ ਪੈਦਾ ਕਰਨ ਵਾਲਾ, ਰੋਜੀ ਰਿਜਕ ਦੇਣ ਵਾਲਾ, ਲੋਕ ਪ੍ਰਲੋਕ ਵਿਚ ਅਨੇਕ ਬਖਸ਼ਿਸ਼ਾਂ ਕਰਨ ਵਾਲਾ ਤੇ ਅੰਤ ਸਮੇਂ ਲੇਖਾ ਜੋਖਾ ਕਰਨ ਵਾਲਾ, ਕੇਵਲ ਤੇ ਕੇਵਲ ਪਿਤਾ ਵਾਹਿਗੁਰੂ ਹੈ, ਹੋਰ ਕੋਈ ਨਹੀਂ। ਉਸੇ ਦਾ ਨਾਮ ਸਿਮਰਣ ਕੀਤਾ ਜਾਵੇ। ਉਹ ਕਿਸੇ ਦਾਨ ਪੁੰਨ, ਜੱਗ ਹੋਮ ਜਾਂ ਰਿਸਵਤ ਦਾ ਭੁੱਖਾ ਨਹੀਂ ਹੈ। ਸਭੇ ਪਦਾਰਥ ਉਸੇ ਨੇ ਪੈਦਾ ਕੀਤੇ ਹਨ, ਅਸੀਂ ਉਸ ਨੂੰ ਕੁੱਝ ਭੀ ਦੇ ਸਕਣ ਦੇ ਸਮਰਥ ਨਹੀਂ ਹਾਂ। ਬਸ ਉਸਦੇ, ਪਿਆਰ ਵਿਚ ਭਿੱਜਕੇ, ਤਨ ਮਨ ਨਾਲ, ਗੁਣ ਗਾਏ ਜਾਣ। ਸੁਚੱਜਾ ਜੀਵਨ ਜੀਵਿਆ ਜਾਵੇ।

ਨ ਸੁਰ ਸਸਿ ਮੰਡਲੋ॥ ਨ ਸਪਤ ਦੀਪ ਨਹ ਜਲੋ॥
ਅੰਨ ਪਉਣ ਥਿਰ ਨ ਕੁਈ॥ ਏਕ ਤੁਈ ਏਕ ਤੁਈ॥ **(143)**

ਮਨੁੱਖ ਮਾਤਰ ਦੇ ਜੀਵਨ ਵਿਚ ਪਲਟਾ ਆਉਣਾ ਸ਼ੁਰੂ ਹੋ ਗਿਆ। ਅਨੇਕ ਪੂਜਾ ਅਤੇ ਅਵਤਾਰਵਾਦ ਦੀ ਗੁਲਾਮੀ ਵਗਾਹ ਮਾਰੀ। ਸਹੀ ਮਾਹਿਨਿਆਂ ਵਿਚ ਸਰਬਕਲਾ ਸਮਰਥ ਸਰਬ ਸ਼ਕਤੀਮਾਨ ਵਾਹਿਗੁਰੂ ਦੇ ਅਨੁਆਈ ਬਣਨ ਦੀ ਮੁਢਲੀ ਜਾਚ ਸਿਖਾ ਦਿਤੀ।

"ਸੋਲਹ ਕਲਾ ਸੰਪੂਰਨ ਫਲਿਆ॥
ਅਨੰਤ ਕਲਾ ਹੋਇ ਠਾਕੁਰੁ ਚੜਿਆ" **(1081)**

ਅਗਲਾ ਕੰਮ ਜੋ ਸਤਿਗੁਰੂ ਜੀ ਨੇ ਕੀਤਾ ਉਹ ਇਹ ਸੀ, ਊਚ ਨੀਚ ਦੀ ਲਾਹਣਤ ਨੂੰ, ਮਨੁੱਖਤਾ ਦੇ ਗਲੋਂ ਲਾਹੁਣਾ। ਜਾਤ ਪਾਤ ਦੇ ਵਿਤਕਰੇ ਨੇ ਮਨੁੱਖ ਜਾਤੀ ਦਾ ਬਹੁਤ ਨੁਕਸਾਨ ਕੀਤਾ ਹੈ। ਸਤਿਗੁਰੂ ਜੀ ਨੇ ਗਰਜਵੀ ਆਵਾਜ ਵਿੱਚ ਨਾਹਰਾ ਬੁਲੰਦ ਕੀਤਾ –

"ਜਾਤੀ ਦੈ ਕਿਆ ਹਥਿ ਸਚੁ ਪਰਖੀਐ॥
ਮਹੁਰਾ ਹੋਵੈ ਹਥਿ ਮਰੀਐ ਚਖੀਐ॥ " **(142)**

ਇਸ ਦੇਸ ਭਾਰਤ ਵਿਚ ਪਸ਼ੂਆਂ ਪੰਛੀਆਂ ਨੂੰ ਪੂਜਿਆ ਜਾਂਦਾ ਹੈ। ਮੰਦਰਾਂ ਦੇ ਅੰਦਰ ਬਾਂਦਰਾਂ ਚੂਹਿਆਂ ਸੱਪਾਂ ਨੂੰ ਦਾਖਲ ਹੋਣ ਦੀ ਇਜਾਜਤ ਹੈ। ਰੱਬ ਦੇ ਜਾਏ ਮਨੁੱਖ ਅਖਵਾਉਂਦੇ ਸ਼ੂਦਰਾਂ ਨੂੰ, ਦਾਖਲ ਹੋਣ ਦੀ ਆਗਿਆ ਨਹੀਂ ਹੈ। ਸਗੋਂ ਰੱਬ ਦੀ ਸੰਤਾਨ ਮਨੁੱਖਾਂ ਨੂੰ ਨਫਰਤ

ਕੀਤੀ ਜਾਂਦੀ ਹੈ। ਜਾਤੀ ਪਾਤੀ ਦੇ ਦੁਸ਼ਟਤਾ ਭਰੇ ਵਿਚਾਰ ਨੇ, ਮਨੁੱਖੀ ਭਾਈਚਾਰੇ ਨੂੰ ਲੀਰੋ ਲੀਰ ਕਰਕੇ ਰੱਖ ਦਿਤਾ। ਇਕ ਬਹੁਤ ਵੱਡੇ ਸਮਾਜ ਨੂੰ, ਮਨੁੱਖ ਮੰਨਣ ਤੋਂ ਹੀ ਇਨਕਾਰ ਕੀਤਾ ਗਿਆ। ਉਹਨਾਂ ਦੀ ਇੱਜਤ ਆਬਰੂ ਤਾਂ ਬਰਬਾਦ ਕੀਤੀ ਹੀ ਗਈ, ਬਲਕਿ ਸਾਰੇ ਮਨੁੱਖੀ ਅਧਿਕਾਰ ਖੋਹ ਲਏ ਗਏ। ਜਿਉਣ ਦੇ ਸਾਧਨ ਹਥਿਆ ਲਏ, ਵਿੱਦਿਆ ਤੋਂ ਵਾਂਝੇ ਕਰ ਦਿੱਤੇ ਗਏ। ਬਿਨਾ ਮਜ਼ਦੂਰੀ ਦਿੱਤਿਆਂ ਡੰਡੇ ਦੇ ਜੋਰ, ਵਗਾਰਾਂ ਕਰਵਾਈਆਂ। ਸਦੀਆਂ ਤੋਂ ਹੀ ਧਰਮ ਦੇ ਨਾਂ ਤੇ, ਇਹ ਘੋਰ ਅਤਿਆਚਾਰ ਹੁੰਦਾ ਆ ਰਿਹਾ ਹੈ। ਪਹਿਲੀ ਵਾਰ ਜਗਤ ਗੁਰੂ ਬਾਬਾ ਜੀ ਨੇ, ਇਹਨਾਂ ਦੇ ਹੱਕ ਵਿਚ ਆਵਾਜ਼ ਉਠਾਈ। ਕਬੀਰ ਜੁਲਾਹੇ, ਨਾਮਦੇਵ ਛੀਂਬਾ, ਸੈਣ ਨਾਈ, ਸਧਨਾ ਕਸਾਈ, ਰਵਿਦਾਸ ਜੀ ਚਮਾਰ ਤੇ ਸੇਖ ਫਰੀਦ ਮੁਸਲਮਾਨ ਨੂੰ ਆਪਣੇ ਨਾਲ ਬਣਦਾ ਯੋਗ ਸਤਿਕਾਰ ਤਾਂ ਦਿਤਾ ਹੀ, ਸਗੋਂ ਬ੍ਰਾਹਮਣਾ ਨੂੰ, ਇਹਨਾਂ ਅਖੌਤੀ ਨੀਵਿਆਂ ਦੇ ਨਾਲ, ਇੱਕੋ ਕਤਾਰ ਵਿਚ ਬਿਠਾ ਦਿੱਤਾ। ਜਦੋਂ ਬ੍ਰਾਹਮਣ ਵਲੋਂ ਦੁਰਕਾਰੇ ਮਹਾਂਪੁਰਖਾਂ ਦੀ ਰੱਬੀ ਰਚਨਾ ਨੂੰ ਆਪਣੇ ਕੋਲ ਸਾਂਭਿਆ, ਤਾਂ ਨਾਲੋ ਨਾਲ ਪ੍ਰਮਾਨੰਦ, ਰਾਮਾਨੰਦ, ਜੈਦੇਵ ਜੀ ਆਦਿ ਬ੍ਰਾਹਮਣਾਂ ਦੀ ਬਾਣੀ, ਅਤੇ ਆਉਣ ਵਾਲੇ ਸਮੇਂ ਵਿਚ ਗਿਆਰਾਂ ਭੱਟ (ਬ੍ਰਾਹਮਣ) ਭੀ ਇਹਨਾਂ ਦੇ ਨਾਲ ਹੀ ਬਿਰਾਜਮਾਨ ਹੋਏ। ਸਾਰੇ ਇੱਕੋ ਪ੍ਰਵਾਰ ਦੇ ਮੈਂਬਰ, ਇੱਕੋ ਪਿਤਾ ਦੇ ਪੁੱਤਰ, ਨੇਕੀ ਅਤੇ ਮਿਠਾਸ ਵੰਡਣ ਵਾਲੇ। ਜਨਮ ਜਾਤ ਕਰਕੇ ਕਿਸੇ ਨੂੰ ਵੱਡਾ ਛੋਟਾ ਪ੍ਰਵਾਨ ਨਹੀਂ ਕੀਤਾ ਗਿਆ। ਗੁਣਾਂ ਦੀ ਕਦਰ ਕੀਤੀ ਗਈ।

ਸਤਿਗੁਰੂ ਜੀ ਨੇ ਇਕ ਨਵੇਕਲੇ ਸਾਂਝੇ ਭਾਈਚਾਰੇ ਦੀ ਨੀਂਹ ਰੱਖ ਦਿਤੀ। ਜਿਸ ਵਿਚ ਜਾਤ ਗੋਤ ਜਾਂ ਅਮੀਰੀ ਗਰੀਬੀ ਕਾਰਨ ਕਿਸੇ ਨਾਲ ਪੱਖਪਾਤ ਨਾਂ ਕੀਤਾ ਜਾਵੇ। ਜਦੋਂ ਪਿਤਾ ਸਾਰਿਆਂ ਦਾ ਇੱਕ ਹੋਵੇ ਤਾਂ ਔਲਾਦ ਉਚੇ ਨੀਵੇ ਹੋਣ ਦਾ ਐਲਾਨ ਕਿਵੇਂ ਕਰ ਸਕੇਗੀ ?

ਇੱਕ ਪਾਸੇ ਜਾਬਰ ਤਾਕਤ ਤੇ ਨਸ਼ੇ ਵਿਚ ਅੰਨੇ ਹੋ ਚੁੱਕੇ, ਮੁਸਲਮਾਨ ਹਾਕਮ ਸਨ। ਦੂਜੇ ਬੰਨੇ ਕਾਇਰਤਾ ਵਿਚ ਗਰਕ ਹੋਏ ਹੱਦ ਦਰਜੇ ਦੇ ਪਾਖੰਡੀ ਹਿੰਦੁਸਤਾਨੀ ਸਨ। ਦੋਵਾਂ ਧਿਰਾਂ ਦੀ ਇਕ ਦੂਜੇ ਨਾਲ ਕੋਈ ਸਾਂਝ ਨਹੀਂ ਸੀ। ਇੱਕ ਕਾਫਰ ਤੇ ਦੂਜੇ ਮਲੇਛ। ਇਕ ਪੂਰਬ ਦਾ ਪੁਜਾਰੀ ਦੂਜਾ ਪੱਛਮ ਵੱਲ ਸਿਜਦਾ ਕਰਨ ਵਾਲਾ। ਇਕ ਪੱਥਰ ਪੂਜਕ ਦੂਜਾ ਬੁਤ ਸ਼ਿਕਨ। ਇਕ ਗਊ ਰਖਸ਼ਕ ਦੂਜਾ ਗਊ ਭਖਸ਼ਕ। ਇਕ ਲੁਟੇਰਾ ਦੂਜਾ ਲੁੱਟਿਆ ਜਾਣ ਵਾਲਾ। ਇਕ ਜਾਬਰ ਦੂਜਾ ਮਜਲੂਮ। ਆਪਸ ਵਿਚ ਕੋਈ ਸਾਂਝ ਨਹੀਂ, ਨਫ਼ਰਤ ਹੀ ਨਫ਼ਰਤ। ਟੁੱਟੇ ਹੋਇਆਂ

ਨੂੰ ਜੋੜਨ ਵਾਲੇ ਮਹਾਨ ਸਤਿਗੁਰੂ ਜੀ ਨੇ, ਦੋਵਾਂ ਧਿਰਾਂ ਵਿਚਕਾਰ ਇਕ ਪੁਲ ਦਾ ਕੰਮ ਕੀਤਾ। ਦੋਵਾਂ ਨੂੰ ਸਹਿਨਸ਼ੀਲਤਾ ਦਾ ਪਾਠ ਪੜ੍ਹਾਇਆ। ਦੋਵਾਂ ਦੀਆਂ ਖੂਬੀਆਂ ਦੀ ਪ੍ਰਸੰਸਾ ਕੀਤੀ, ਔਗੁਣਾ ਵਿਰੁੱਧ ਝਾੜਝੰਬ ਕੀਤੀ। ਅਮਲੀ ਜੀਵਨ ਤੋਂ ਖਾਲੀ, ਮਨੁੱਖੀ ਜੀਵਨ ਜਾਂ ਧਰਮ ਦਾ ਵਿਖਾਵਾ ਕਿਸੇ ਕੰਮ ਨਹੀਂ। ਕਾਫ਼ੀ ਹੱਦ ਤਕ ਨਫ਼ਰਤ ਘਟਾਈ, ਹਿੰਦੂ ਮੁਸਲਮਾਨ ਸਤਿਗੁਰੂ ਜੀ ਦੇ ਸ਼ਰਧਾਲੂ ਸਿੱਖ ਬਣੇ। ਮਰਦਾਨਾ ਜੀ ਦੀ ਇਕ ਉਘੜਵੀ ਮਿਸਾਲ ਪਰਤੱਖ ਹੈ। ਸਤਿਗੁਰੂ ਜੀ ਦੇ ਜੋਤੀ ਜੋਤ ਸਮਾਉਣ ਵਕਤ ਦੋਵਾਂ ਧਿਰਾਂ ਨੇ ਵਿਰਲਾਪ ਕੀਤਾ। ਮੁਸਲਮਾਨਾ ਆਖਿਆ ਸਾਡਾ ਪੀਰ ਸੀ, ਹਿੰਦੂਆਂ ਕਿਹਾ ਸਾਡਾ ਗੁਰੂ ਸੀ। ਸੰਸਕਾਰ ਦੇ ਮਸਲੇ ਤੇ ਤਲਖੀ ਬਹੁਤ ਵਧ ਗਈ। ਗੁਰੂ ਅੰਗਦ ਸਾਹਿਬ ਜੀ ਦੇ "ਜੁਗਤੀ" ਵਰਤਾਉਣ ਤੇ ਦੋਵੇਂ ਧਿਰਾਂ ਨੇ ਇਕ ਚਾਦਰ ਅੱਧੋ ਅੱਧੀ ਪਾੜ ਲਈ, ਤੇ ਅੱਡੋ ਅੱਡ ਤਰੀਕਿਆਂ ਨਾਲ ਅੰਤਮ ਰਸਮਾਂ ਕੀਤੀਆਂ। ਦੋਵਾਂ ਧਿਰਾਂ ਨੇ ਸਤਿਗੁਰੂ ਜੀ ਦੀਆਂ ਅਪੱਣਤ ਨਾਲ ਯਾਦਗਾਰਾਂ ਬਣਾਈਆਂ, ਜੋ ਅੱਜ ਤੀਕ ਕਰਤਾਰਪੁਰ ਵਿਖੇ (ਪਾਕਿਸਤਾਨ) ਮੌਜੂਦ ਹਨ। ਦੁਨੀਆਂ ਵਿਚ ਅੱਜ ਤੱਕ ਇਹੋ ਜਿਹਾ ਕੋਈ ਮਹਾਂਪੁਰਖ ਪੈਦਾ ਨਹੀਂ ਹੋਇਆ, ਜਿਸਨੂੰ ਦੋ ਵਿਰੋਧੀ ਵਿਚਾਰਾਂ ਵਾਲੇ ਆਪਣਾ ਜਾਣਕੇ ਪੂਜਣ। ਇਹੀ ਤਾਂ ਹੈ ਸਤਿਗੁਰੂ ਜੀ ਦੇ ਸਭ ਤੋਂ ਵੱਡਾ ਹੋਣ ਦਾ ਪਰਤੱਖ ਸਬੂਤ।

"ਬਾਬਾ ਨਾਨਕ ਸ਼ਾਹ ਫਕੀਰ। ਹਿੰਦੂ ਕਾ ਗੁਰੂ ਮੁਸਲਮਾਨ ਕਾ ਪੀਰ।"

ਦੁਨੀਆਂ ਵਿਚ ਕਿਸੇ ਮਹਾਂਪੁਰਖ ਨੇ ਪਰਉਪਕਾਰ ਦੀ ਭਾਵਨਾ ਤਹਿਤ, ਇਤਨੇ ਲੰਮੇ ਪਰਚਾਰ ਦੌਰੇ ਨਹੀਂ ਕੀਤੇ। ਸਤਿਗੁਰੂ ਜੀ ਨੇ ਪੂਰੇ ਏਸ਼ੀਆ ਮਹਾਂਦੀਪ ਦਾ ਭਰਮਣ ਕਰਦਿਆਂ ਲਗਭਗ ਚਾਲੀ ਹਜ਼ਾਰ ਕਿਲੋ ਮੀਟਰ ਸਫ਼ਰ ਤੈਹ ਕੀਤਾ। ਆਪਣੀ ਜ਼ਿੰਦਗੀ ਦਾ ਬਿਹਤਰੀਨ ਸਮਾਂ ਅਕਹਿ ਤੇ ਅਸਹਿ ਮੁਸ਼ਕਲਾਂ ਝਲਦਿਆਂ ਬਤੀਤ ਕੀਤਾ। ਚੋਰਾਂ ਠੱਗਾਂ, ਡਾਕੂਆਂ ਲੁਟੇਰਿਆਂ ਤੇ ਜਰਵਾਣੇ ਬਾਦਸ਼ਾਹਾਂ ਨੂੰ, ਵੱਡੇ ਖਤਰੇ ਸਹੇੜ ਕੇ ਭੀ ਸਿੱਧੇ ਰਾਹ ਪਾਉਣ ਦਾ ਉਪਕਾਰ ਕੀਤਾ। ਬਿਮਾਰੀ ਦੀ ਅਵਸਥਾ ਵਿਚ ਮਰੀਜ ਨੂੰ ਵੈਦ ਕੋਲ ਲਿਜਾਇਆ ਜਾਂਦਾ ਹੈ। ਅਗਰ ਰੋਗੀ ਵੈਦ/ ਡਾਕਟਰ ਕੋਲ ਜਾਣ ਤੋਂ ਹੀ ਮੁਨਕਰ ਹੋ ਜਾਵੇ, ਆਪਣੇ ਆਪ ਨੂੰ ਮਰੀਜ ਮੰਨਣ ਤੋਂ ਹੀ ਨਾਂਹ ਕਰ ਦੇਵੇ ਜਾਂ ਆਪਣੇ ਰੋਗ ਨੂੰ ਲਾਇਲਾਜ ਮੰਨ ਲਵੇ, ਉਸ ਹਾਲਤ ਵਿਚ ਇਲਾਜ ਕਰਨਾ ਬਹੁਮ ਔਖਾ ਹੈ। ਸਤਿਗੁਰੂ ਨਾਨਕ ਸਾਹਿਬ, ਵੈਦਾਂ ਦੇ ਮਹਾਂ ਵੈਦ, ਲਾਇਲਾਜ ਰੋਗੀਆਂ ਨੂੰ ਤੰਦਰੁਸਤ ਕਰਨ ਵਾਸਤੇ, ਖੁਦ ਚੱਲਕੇ ਉਹਨਾਂ ਦੇ ਦਰ ਤੇ ਗਏ। ਉਹਨਾਂ ਨੂੰ

ਪਿਆਰ ਨਾਲ ਅਹਿਸਾਸ ਕਰਵਾਇਆ ਕਿ ਤੁਸੀਂ ਰੋਗੀ ਜ਼ਰੂਰ ਹੋ, ਪਰ ਰੋਗ ਲਾਇਲਾਜ ਨਹੀਂ ਹੈ। ਤੁਸੀਂ ਦੱਸੀਆਂ ਗਈਆਂ ਵਿਧੀਆਂ ਰਾਹੀਂ ਇਲਾਜ ਕਰਵਾਓ ਤੇ ਖੁਸ਼ੀਆਂ ਖੇੜਿਆਂ ਭਰਪੂਰ ਅਰੋਗ ਜੀਵਨ ਜੀਵੋ। ਜਿੱਥੇ ਕਿਤੇ ਭੀ ਕੋਈ ਮਾਨਸਿਕ ਰੋਗੀ ਸੀ, ਸਤਿਗੁਰੂ ਜੀ ਉਚੇਚੇ ਜਤਨ ਕਰਕੇ, ਉਥੇ ਹੀ ਪੁੱਜੇ। ਪਹਿਲਾਂ ਹਿੰਦੂ ਤੀਰਥਾਂ ਦਾ ਦੌਰਾ ਕੀਤਾ, ਫਿਰ ਜੋਗੀਆਂ ਵੱਲ, ਹਿਮਾਲਾ ਪਰਬਤ ਤੇ ਪੁੱਜੇ। ਇਕ ਹੋਰ ਬਿਖਮ ਯਾਤਰਾ ਮੱਕੇ ਵੱਲ ਦੀ ਕੀਤੀ। ਲੰਕਾ ਚੀਨ ਰੂਸ, ਤਿੱਬਤ ਨਿਪਾਲ ਅਤੇ ਅਰਬ ਮੁਲਕਾਂ ਦਾ ਵਿਜਈ ਪਰਚਾਰ/ਪਰਉਪਕਾਰੀ ਦੌਰਾ ਕੀਤਾ। ਇਸ ਤਰ੍ਹਾਂ ਸਤਿਗੁਰੂ ਜੀ ਨੇ, ਹਰ ਲੋੜੀਂਦੀ ਜਗ੍ਹਾ ਪੁੱਜਕੇ, ਆਪਣੇ ਪਵਿੱਤਰ ਬਚਨਾ ਰਾਹੀਂ, ਮਨੁੱਖ ਮਾਤਰ ਨੂੰ ਸੱਚ ਧਰਮ ਦੇ ਮਾਰਗ ਤੇ ਟੂਰਨ ਦੀ ਪ੍ਰੇਰਨਾ ਕੀਤੀ।

"ਸੁਣੀ ਅਰਦਾਸਿ ਸੁਆਮੀ ਮੇਰੈ ਸਰਬ ਕਲਾ ਬਣਿ ਆਈ॥

ਪ੍ਰਗਟ ਭਈ ਸਗਲੇ ਜੁਗ ਅੰਤਰਿ ਗੁਰ ਨਾਨਕ ਕੀ ਵਡਿਆਈ॥ (611)

ਦੁਨੀਆਂ ਵਿਚ ਸਤਿਗੁਰੂ ਨਾਨਕ ਜੀ ਪਹਿਲੇ ਮਹਾਂਪੁਰਖ ਸਨ, ਜਿੰਨ੍ਹਾਂ ਔਰਤ ਦੀ ਪੀੜਾ ਨੂੰ ਮਹਿਸੂਸ ਕੀਤਾ। ਅਤੇ ਮਨੁੱਖ ਦੇ ਬਰਾਬਰ ਅਧਿਕਾਰ ਦਿਵਾਉਣ ਲਈ ਆਵਾਜ ਉਠਾਈ। ਪਹਿਲਾਂ ਜੋ ਭੀ ਧਾਰਮਕ ਰਹਿਬਰ ਸੰਸਾਰ ਤੇ ਆਏ, ਉਹਨਾਂ ਭੀ ਕਿਸੇ ਨਾ ਕਿਸੇ ਰੂਪ ਵਿਚ ਔਰਤ ਦੀ ਗੁਲਾਮੀ ਨੂੰ ਹੋਰ ਪੱਕਿਆਂ ਕੀਤਾ। ਸਦੀਆਂ ਤੋਂ ਪੈਰਾਂ ਥੱਲੇ ਲਿਤਾੜੀ ਜਾਂਦੀ ਰਹੀ, ਸਿਸਕੀਆਂ ਭਰਦੀ ਰਹੀ, ਅਪਮਾਨ ਭਰਿਆ ਨਰਕੀ ਜੀਵਨ ਜਿਉਣ ਲਈ ਮਜਬੂਰ ਕੀਤੀ ਗਈ। ਮਨੁਖ ਦੀ ਜਨਨੀ ਮਾਂ ਭੈਣ, ਧੀ ਅਤੇ ਪਤਨੀ ਹੋਣ ਦੇ ਬਾਵਜੂਦ, ਉਸਨੂੰ ਫਿਟਕਾਰਿਆ ਗਿਆ। ਘਰ ਦੀ ਚਾਰ ਦੀਵਾਰੀ ਵਿਚ ਕੈਦ ਕੀਤਾ ਗਿਆ। ਨਿੱਕੀ ਬਾਲੜੀ ਨੂੰ ਵੱਡੀ ਉਮਰ ਵਾਲੇ ਵਿਅਕਤੀਆਂ ਨਾਲ ਨਰੜਿਆ ਗਿਆ। ਸਤੀ ਵਰਗੀ ਜਾਲਮਾਨਾ ਰਸਮ ਦੁਆਰਾ ਪਤੀ ਨਾਲ ਚਿਖਾ ਵਿਚ ਸੜ ਮਰਨ ਲਈ ਮਜ਼ਬੂਰ ਕੀਤਾ ਗਿਆ। ਜੇ ਕੋਈ ਸਤੀ ਹੋਣ ਤੋਂ ਬਚ ਹੀ ਗਈ ਤਾਂ ਜ਼ਿੰਦਗੀ ਭਰ ਦੂਜਾ ਵਿਆਹ ਕਰਾਉਣ ਤੋਂ ਵਰਜ ਦਿੱਤਾ ਗਿਆ। ਅਣਪੜ ਰੱਖਣੀ ਤੇ ਪੜਦਾ ਕਰਨਾ, ਕਿਸੇ ਮਨੁੱਖ ਨਾਲ ਗੱਲਬਾਤ ਭੀ ਨਾ ਕਰਨ ਦੇਣੀ। ਇਹ ਸਭ ਜੁਲਮ ਇਸਤਰੀ ਪਿੰਡੇ ਤੇ ਝਲਦੀ ਰਹੀ।

ਬਾਘਣ ਨਾਗਣ ਡਾਇਣ ਤੇ ਪੈਰ ਦੀ ਜੁੱਤੀ ਤਕ ਆਖਣੋ ਕਿਸੇ ਸ਼ਰਮ ਨਾ ਕੀਤੀ।

ਜਾਇਦਾਦ ਵਿਚੋਂ ਕੋਈ ਹਿੱਸਾ ਨਾ ਦੇਣਾ, ਜਦੋਂ ਜੀ ਚਾਹੇ ਆਦਮੀ, ਕਿਸੇ ਕੁੱਤੇ ਬਿੱਲੇ

ਵਾਂਗ, ਬਾਂਹ ਫੜਕੇ ਘਰੋਂ ਬਾਹਰ ਕੱਢ ਦੇਵੇ, ਦਰ ਦਰ ਦੀਆਂ ਠੋਕਰਾਂ ਖਾਣ ਲਈ। ਘਟ ਘਟ ਵਿੱਚ ਵਾਹਿਗੁਰੂ ਦਾ ਜਹੂਰ ਵੇਖਣ ਵਾਲੇ, ਦਿਆਲੂ ਪਿਤਾ ਗੁਰੂ ਨਾਨਕ ਸਾਹਿਬ ਇਹ ਅਤਿਆਚਾਰ ਹੁੰਦਾ ਵੇਖ ਕਿਵੇ ਖਾਮੋਸ਼ ਰਹਿ ਸਕਦੇ ਸਨ ? ਉਹਨਾਂ ਸ਼ੇਰ ਗਰਜ ਨਾਲ ਮੁਬਾਰਕ ਬਚਨ ਉਚਾਰਨ ਕੀਤਾ –

"ਸੋ ਕਿਉਂ ਮੰਦਾ ਆਖੀਐ ਜਿਤ ਜੰਮਹਿ ਰਾਜਾਨ।" (472)

ਲੰਮੇ ਸਮੇਂ ਤੋਂ ਧਰਮ ਦੇ ਨਾਮ ਹੇਠ, ਪ੍ਰਚਲਤ ਹੋ ਚੁੱਕੀਆਂ ਰੀਤਾਂ ਰਸਮਾਂ ਨੂੰ, ਜੋਰਦਾਰ ਤਰੀਕੇ ਰੋਕਿਆ। ਘਰ ਦੀ ਚਾਰ ਦੀਵਾਰੀ ਤੋਂ ਬਾਹਰ ਆਉਣ ਦੀ ਇਜਾਜਤ ਦਿੱਤੀ। ਇਸ ਖੁੱਲੀ ਫਿਜ਼ਾ ਵਿਚ ਸਾਹ ਲੈ ਕੇ, ਸਿੱਖ ਔਰਤਾਂ ਮਰਦਾਂ ਨਾਲ ਕਦਮ ਮਿਲਾ ਕੇ ਚੱਲਣ ਦੇ ਸਮਰਥ ਬਣ ਸਕੀਆਂ। ਨਾਮ ਜਪਣ, ਸੇਵਾ ਕਰਨ ਤੋਂ ਲੈਕੇ ਸਿੱਖ ਇਸਤਰੀਆਂ ਸ਼ਸਤਰ ਸਜਾਕੇ, ਘੋੜੇ ਤੇ ਸਵਾਰ ਹੋਕੇ, ਦੁਸ਼ਮਣ ਦੇ ਆਹੂ ਲਹੁੰਦੀਆਂ ਰਹੀਆਂ। ਮਨੁੱਖ ਦੀ ਅੱਧੀ ਅਬਾਦੀ (ਔਰਤ) ਨੂੰ ਅੱਗੇ ਵਧਣ ਤੋਂ ਰੋਕਣ ਦਾ ਮਤਲਬ ਹੈ ਆਪਣੀਆਂ ਜੜਾਂ ਆਪੇ ਵੱਢਣੀਆਂ। ਭਵਿੱਖ ਨੂੰ ਤਬਾਹ ਕਰਨਾ, ਵਰਤਮਾਨ ਨੂੰ ਸੁਆਹ ਕਰਨਾ। ਮਹਾਨ ਸਤਿਗੁਰੂ ਜੀ ਨੇ ਤਾਂ ਪੰਜ ਸੌ ਸਾਲ ਪਹਿਲਾਂ ਸੀਲ ਸੰਜਮ ਦੀ ਪੁਤਲੀ, ਗ੍ਰਿਸਤ ਦਾ ਥੰਮ, ਪਿਆਰ ਤੇ ਕੋਮਲਤਾ ਦੀ ਸਾਕਾਰ ਮੂਰਤ, ਵਫਾਦਾਰ ਜੀਵਨ ਸਾਥੀ (ਔਰਤ) ਦੇ ਹੱਕ ਵਿਚ ਇਨਕਲਾਬੀ ਵਿਚਾਰ ਸੰਸਾਰ ਸਨਮੁਖ ਰੱਖੇ ਸਨ। ਅੱਜ ਦੇ ਵਿਗਿਆਨਕ ਯੁਗ ਵਿਚ ਭੀ, ਬਹੁਤ ਸਾਰੇ ਨਾ ਸਮਝ, ਜਾਹਲ ਲੋਕ ਬਾਲ ਕੰਨਿਆਵਾਂ ਨੂੰ ਜਨਮ ਤੋਂ ਭੀ ਪਹਿਲਾਂ ਕਤਲ ਕਰ ਦੇਣ ਦੇ, ਪਾਪ ਕਰਮ ਕਰ ਰਹੇ ਹਨ। ਸਤਿਗੁਰੂ ਜੀ ਦੇ ਉਪਕਾਰਾਂ ਲਈ ਇਸਤਰੀ ਨੂੰ ਸਭ ਤੋਂ ਵਧ ਉਹਨਾਂ ਦਾ ਧੰਨਵਾਦੀ ਹੋਣਾ ਚਾਹੀਦਾ ਹੈ।

ਸੇ ਧਨਵੰਤ ਦਿਸਹਿ ਘਰਿ ਜਾਇ॥ ਨਾਨਕ ਜਨਨੀ ਧੰਨੀ ਮਾਇ॥ (1257)

ਨਾਰੀ ਪੁਰਖੁ, ਪੁਰਖੁ ਸਭ ਨਾਰੀ, ਸਭ ਏਕੋ ਪੁਰਖ ਮੁਰਾਰੇ॥ (983)

ਸਤਿਗੁਰੂ ਬਾਬਾ ਜੀ ਨੇ ਵਾਹਿਗੁਰੂ ਦੇ ਨਵੇਂ ਨਾਵਾਂ ਵਿਚ "ਕਰਤਾਰ ਤੇ ਕਰਤਾਪੁਰਖ" ਬਹੁਤ ਵਾਰੀ ਵਰਤੇ ਹਨ। ਕਰਤਾਰ ਦਾ ਅਰਥ ਹੈ, ਸ੍ਰਿਸਟੀ ਬਣਾਉਣ ਵਾਲਾ। ਕਰਤਾ ਪੁਰਖ ਦਾ ਮਤਲਬ ਹੈ ਕਾਇਨਾਤ ਬਣਾਕੇ ਇਸ ਅੰਦਰ ਵਿਚਰਨ ਵਾਲਾ। ਗੁਰੂ ਨਾਨਕ ਸਾਹਿਬ ਦੇ ਇਹਨਾਂ ਨਾਵਾਂ ਵਿਚੋਂ ਸਾਫ ਨਜ਼ਰ ਆ ਰਿਹਾ ਹੈ, ਕਿ ਪਰਮੇਸ਼ਰ ਵਿਹਲਾ ਨਹੀਂ ਬੈਠਾ। ਉਹ

ਸ੍ਰਿਸ਼ਟੀ ਬਣਾ ਕੇ ਸੰਭਾਲ ਰਿਹਾ ਹੈ। ਰੱਬ ਜੀ ਕਿਰਿਆਸ਼ੀਲ ਹਨ। ਜਦੋਂ ਪ੍ਰਭੂ ਵਿਹਲਾ ਨਹੀਂ ਹੈ, ਤਾਂ ਇਨਸਾਨ ਵਿਹਲਾ ਤੇ ਮਖੱਟੂ ਕਿਉਂ ਰਹੇ ? ਵਿਹਲੇ ਦਾ ਮਾਣ ਸਤਿਕਾਰ ਕਿਉਂ ਹੋਵੇ ? ਬਦਕਿਸਮਤੀ ਨਾਲ ਇਸ ਦੇਸ ਵਿਚ ਕਾਮਿਆਂ ਕਿਰਤੀਆਂ ਨੂੰ ਸ਼ੂਦਰ ਆਖਕੇ ਦੁਰਕਾਰਿਆ ਜਾਂਦਾ ਹੈ। ਦੂਜਿਆਂ ਦੀ ਕਿਰਤ ਕਮਾਈ ਤੇ ਪਲਣ ਵਾਲਿਆਂ ਨੂੰ ਪੂਜਿਆ ਜਾਂਦਾ ਹੈ। ਕਿਸਾਨ ਖੇਤੀ ਕਰਦਾ, ਸਭ ਦਾ ਪੇਟ ਭਰਦਾ ਹੈ। ਕਪਾਹ ਬੀਜਦਾ, ਗੋਡੀ ਕਰਦਾ, ਪਾਣੀ ਲਾਉਂਦਾ, ਰਾਖੀ ਕਰਦਾ ਹੈ, ਫਸਲ ਤਿਆਰ ਹੋਣ ਤੇ ਘਰ ਲਿਆਉਂਦਾ ਹੈ। ਉਸ ਵਿਚੋਂ ਸੁਕਾ, ਵੇਲ, ਪਿੰਞ ਕੇ, ਸੂਤ ਕੱਤਿਆ ਤੇ ਕੱਪੜਾ ਬੁਣਿਆ ਗਿਆ। ਕੱਪੜੇ ਦੀ ਰੰਗਾਈ ਛਪਾਈ ਤੇ ਸਿਲਾਈ ਕੀਤੀ ਗਈ। ਪਹਿਨਣ ਯੋਗ ਤਿਆਰ ਹੋਣ ਤੇ ਇਸਨੂੰ ਤਨ ਤੇ ਸਜਾਉਣ ਵਾਲਾ (ਬ੍ਰਾਹਮਣ) ਊਚ ਜਾਤੀ ਪੂਜਣ ਜੋਗ ਬਣ ਬੈਠਦਾ ਹੈ। ਪਰ ਮਿਹਨਤ ਮੁਸ਼ੱਕਤ ਕਰਕੇ ਇਥੋਂ ਤੱਕ ਪੁਚਾਣ ਵਾਲੇ ਸ਼ੂਦਰ ਗਰਦਾਨੇ ਗਏ, ਘੋਰ ਪਾਪ। ਸਤਿਗੁਰੂ ਜੀ ਨੇ ਧਰਮ ਦੀ ਕਿਰਤ ਖੁਦ ਕੀਤੀ, ਤੇ ਸਿੱਖਾਂ ਨੂੰ ਕਰਨ ਦੀ ਹਦਾਇਤ ਕੀਤੀ। ਇਸੇ ਕਾਰਨ ਸੰਸਾਰ ਵਿਚ ਜਿਥੇ ਸਿੱਖ ਗਏ ਹਨ, ਆਪਣੀ ਮਿਹਨਤ ਨਾਲ ਕਾਮਯਾਬ ਹੋਏ ਹਨ। ਕੋਈ ਸਿੱਖ ਭਿਖਾਰੀ ਤਾਂ ਉੱਕਾ ਨਹੀਂ ਮਿਲੇਗਾ। ਗੁਰਮਤਿ ਦੇ ਮੁਢਲੇ ਅਸੂਲਾਂ ਵਿਚ ਦਰਜ ਹੈ ਕਿ ਸਿੱਖ ਨੇ ਨਾਮ ਜਪਣਾ, ਧਰਮ ਦੀ ਕਿਰਤ ਕਰਨੀ, ਤੇ ਵੰਡਕੇ ਛਕਣਾ ਹੈ। ਸਾਹਿਬ ਜੀ ਨੇ ਜਾਤ ਕਾਰਨ ਕਿਸੇ ਨੂੰ ਵਿਸ਼ੇਸ਼ ਸਨਮਾਨ ਨਹੀਂ ਦਿਤਾ, ਬਲਕਿ ਗੁਣਾ ਦੀ ਕਦਰ ਕੀਤੀ ਹੈ। ਸਿੱਖ ਧਰਮ ਕਿਰਤੀ ਕਾਮਿਆਂ ਦਾ ਧਰਮ ਹੈ, ਵਿਹਲੜਾਂ ਮੁਫਤਖੋਰਾਂ ਲਈ ਇਸ ਧਰਮ ਵਿਚ ਕੋਈ ਥਾਂ ਨਹੀਂ। "ਕਿਰਤ ਵਿਰਤ ਕਰਿ ਧਰਮ ਦੀ ਹਥੋਂ ਦੈ ਕੈ ਭਲਾ ਮਨਾਏ"॥ (ਭਾ:ਗੁ) ਇਸੇ ਲਈ ਤਾਂ ਬਾਣੀ ਵਿਚ ਦਰਜ ਹੈ:-

"ਉਦਮ ਕਰੇਦਿਆਂ ਜੀਉ ਤੂੰ ਕਮਾਵਦਿਆਂ ਸੁਖ ਭੁੰਚੁ॥
ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿਤ॥ " (522)

ਗੁਰੂ ਘਰ ਵਿਚ ਨਾਮ ਜਪਣਾ ਤੇ ਜਪਾਉਣਾ ਅਤੀ ਉੱਤਮ ਮੰਨਿਆ ਗਿਆ ਹੈ। ਸਿੱਖ ਲਈ ਨਾਮ ਦਾ ਮਤਲਬ ਹੈ ਗੁਰਬਾਣੀ ਦੀ ਸਮਝ। ਗੁਰਬਾਣੀ ਵਿਚਾਰਦਿਆਂ ਜੀਵਨ ਜੁਗਤੀ ਪ੍ਰਾਪਤ ਹੁੰਦੀ ਹੈ। ਬਾਣੀ ਪੜਦਿਆਂ ਕੁਦਰਤ ਅਤੇ ਕਾਦਰ ਬਾਰੇ ਗਿਆਨ ਪ੍ਰਾਪਤ ਹੁੰਦਾ ਹੈ। ਗੁਰਬਾਣੀ ਦੁਆਰਾ ਭਲੇ ਬੁਰੇ ਦੀ, ਹੱਕ ਸੱਚ ਦੀ, ਨੇਕੀ ਬਦੀ ਦੀ ਪਛਾਣ ਹੁੰਦੀ ਹੈ। ਅਕਾਲਪੁਰਖ ਨਾਲ ਲਿਵਲੀਨਤਾ ਵਿਚੋਂ, ਸਤਿਗੁਰੂ ਜੀ ਨੂੰ ਗੁਰਬਾਣੀ ਆਵੇਸ ਹੋਈ। ਇਸ ਧੁਰ

ਕੀ ਬਾਣੀ ਨੂੰ ਉਹਨਾਂ ਆਪਣੀ ਹਯਾਤੀ ਵਿਚ ਹੀ, ਕਲਮਬੰਦ ਕਰਕੇ ਸਾਂਭ ਲਿਆ। ਮਿਲਾਵਟ ਹੋਣ ਦੇ ਸਾਰੇ ਖਤਰਿਆਂ ਤੋਂ ਬਚਾ ਲਿਆ। ਵਾਹਿਗੁਰੂ ਜੀ ਦਾ ਨਾਮ ਇਕ ਪਾਵਰ ਹਾਊਸ ਦੀ ਨਿਆਈ ਹੈ, ਜਿਥੋਂ ਜਗਿਆਸੂ ਨੂੰ ਸੋਝੀ ਅਤੇ ਸ਼ਕਤੀ ਪ੍ਰਾਪਤੀ ਹੁੰਦੀ ਹੈ। ਮਨ ਦਾ ਚੈਨ ਤੇ ਆਤਮਾ ਲਈ ਮੁਕਤੀ, ਨਾਮ ਹੀ ਦੇ ਸਕਦਾ ਹੈ। ਸਾਰੇ ਦੁਖਾਂ ਤੇ ਵਸੀਕਰਣ, ਸੁਖਾਂ ਦੀ ਪ੍ਰਾਪਤੀ, ਖੁਸ਼ੀਆਂ ਖੇੜੇ ਨਾਮ ਵਿਚੋਂ ਖੋਜੀਦੇ ਹਨ। ਜਦੋਂ ਨਾਮ ਜਪਦਿਆਂ, ਸਵੱਛ ਤੇ ਨੇਕ ਜੀਵਨ ਜਿਉਂਦਿਆਂ, ਕੋਈ ਇਨਸਾਨ ਗੁਣਵਾਨ ਹੋ ਜਾਂਦਾ ਸੀ, ਉਸ ਵਕਤ ਸਤਿਗੁਰੂ ਜੀ ਉਸਨੂੰ ਨਾਮ ਜਪਾਉਣ (ਧਰਮ ਪ੍ਰਚਾਰਕ) ਦੀ ਜਿੰਮੇਵਾਰੀ ਸੌਂਪਦਿਆ ਕਰਦੇ ਸਨ। ਇਹਨਾਂ ਭਲੇ ਪੁਰਖਾਂ ਦੀ ਸੰਗਤ, ਅਤੇ ਉੱਤਮ ਉਪਦੇਸ਼ ਸੁਣਕੇ ਲੋਕੀ ਵੱਡੀ ਗਿਣਤੀ ਵਿਚ ਗੁਰਮਤਿ ਨੂੰ ਧਾਰਨ ਕਰ ਰਹੇ ਸਨ। ਪਰਉਪਕਾਰ ਦੀ ਭਾਵਨਾ ਹਿੱਤ ਚੰਗੇਰੀ ਸਿੱਖਿਆ ਦੇਣੀ ਅਗਿਆਨਤਾ ਦਾ ਹਨੇਰਾ ਕੱਟ ਦੇਣਾ, ਗੁਰੂ ਚਰਨਾਂ ਨਾਲ ਜੋੜ ਦੇਣਾ, ਬਹੁਤ ਵੱਡੀ ਸੇਵਾ ਹੈ। ਅਜਿਹੇ ਨੇਕ ਤੌਰ ਤਰੀਕਿਆਂ ਦੇ ਜਨਮ ਦਾਤਾ ਸਨ ਸਤਿਗੁਰੂ ਜੀ।

"ਉਇ ਪੁਰਖੁ ਪ੍ਰਾਣੀ ਧੰਨੁ ਜਨ ਹਹਿ ਉਪਦੇਸ਼ ਕਰਹਿ ਪਰਉਪਕਾਰੀਆ॥
ਹਰਿ ਨਾਮੁ ਦ੍ਰਿੜਾਵਹਿ ਹਰਿ ਨਾਮੁ ਸੁਣਾਵਹਿ, ਹਰਿ ਨਾਮੇ ਜਗੁ ਨਿਸਤਾਰਿਆ॥ " (311)

ਧੰਨ ਗੁਰੂ ਨਾਨਕ ਸਾਹਿਬ। ਵੰਡ ਛਕਣ ਨੂੰ ਗੁਰੂ ਘਰ ਵਿਚ ਵੱਡਾ ਮਾਣ ਹਾਸਲ ਹੈ। ਵੰਡਕੇ ਛਕਣ ਦਾ ਮਾਣ, ਉਸੇ ਨੂੰ ਮਿਲ ਸਕਦਾ ਹੈ, ਜੋ ਹੱਥੀਂ ਕਿਰਤ ਕਰਦਾ ਹੈ। ਜੋ ਵਿਹਲੜ ਅਵਾਰਾ ਹੈ, ਉਹ ਕੀ ਵੰਡਕੇ ਛਕੇਗਾ ? ਆਪਣੇ ਆਪ ਲਈ, ਬੱਚਿਆਂ ਲਈ ਤਾਂ ਪਸ਼ੂ ਪੰਛੀ ਭੀ ਬਹੁਤ ਖੇਚਲ ਕਰਦੇ ਹਨ। ਆਪਣੇ ਮੂੰਹੋਂ ਗ੍ਰਾਹੀ ਕੱਢਕੇ ਬੋਟਾਂ ਦੇ ਮੂੰਹ ਪਾਉਂਦੇ ਹਨ। ਇਹ ਵੰਡ ਛਕਣ ਦੀ ਅਸਲ ਤਸਵੀਰ ਨਹੀਂ ਹੈ। ਵੰਡ ਛਕਣ ਦਾ ਭਾਵ ਹੈ ਆਪਣੇ ਬਿਗਾਨੇ ਦਾ ਭੇਦ ਮਿਟਾਕੇ, ਲੋੜਵੰਦ ਵਿਅਕਤੀ ਦੀ ਲੋੜ ਪੂਰੀ ਕਰਨੀ। ਅਹਿਸਾਨ ਕਰਕੇ ਅਪਣਾ ਆਪਾ ਨਾ ਜਤਾਉਣਾ। ਦੂਜੇ ਨੂੰ ਹੀਣਾ ਜਾਂ ਨੀਵਾਂ ਨਾ ਸਮਝਣਾ। ਕੁਝ ਵਿਅਕਤੀਆਂ ਕੋਲ ਧਨ ਦੀ ਬਹੁਤਾਤ ਹੁੰਦੀ ਹੈ, ਉਹ ਕਦੀ ਕਦਾਈ ਕੁਝ ਦੇਂਦੇ ਨਜਰ ਭੀ ਆਉਂਦੇ ਹਨ। ਭਾਵੇਂ ਇਹ ਇਕ ਸ਼ੁਭ ਕਰਮ ਹੈ, ਲੇਕਿਨ ਜਿਸ ਕੋਲ ਪਦਾਰਥ ਘੱਟ ਤੋਂ ਘੱਟ ਹੋਣ, ਔਖੇ ਵਕਤ ਲੋੜਵੰਦਾਂ ਨਾਲ ਉਹਨਾਂ ਨੂੰ ਵੰਡ ਕੇ ਖਾਏ, ਇਹ ਹੈ ਵੰਡ ਛਕਣਾ। ਆਪਣੇ ਤਨ ਦਾ ਕੱਪੜਾ, ਹੱਥ ਦੀ ਰੋਟੀ ਤੱਕ, ਦੂਜੇ ਨੂੰ ਦੇਣੀ ਵੰਡ ਛਕਣਾ ਹੈ। ਮਨ ਵਿਚ ਵੱਡਪਣ ਦਾ ਗਰੂਰ ਕੋਈ ਨਾ ਆਵੇ, ਇਹੀ ਹੈ

ਅਸਲੀ ਗੁਰਮਤਿ। ਇਸ ਨੇਕ ਭਾਵਨਾ ਅਧੀਨ ਸਤਿਗੁਰੂ ਜੀ ਨੇ ਖੁਦ ਲੋੜਵੰਦਾਂ ਨਾਲ ਵੰਡਕੇ ਛਕਿਆ। ਉਹਨਾਂ ਨੂੰ ਪੈਰਾਂ ਤੇ ਖੜੇ ਕੀਤਾ। ਜਦੋਂ ਪਿਤਾ ਜੀ ਨੇ ਖਰਾ ਸੌਦਾ ਕਰਨ ਲਈ ਭੇਜਿਆ ਸੀ, ਤਾਂ ਲੋੜਵੰਦਾਂ ਨੂੰ ਉਸ ਰੁਪੈ ਨਾਲ ਲੰਗਰ ਛਕਾ ਦਿੱਤਾ। ਭਾਵੇਂ ਪਿਤਾ ਜੀ ਦੀ ਸਖਤ ਨਾਰਾਜਗੀ ਭੀ ਸਹਿਣੀ ਪਈ। ਜੋ ਕੁਝ ਭੀ ਸਤਿਗੁਰੂ ਜੀ ਕੋਲ ਸੀ, ਉਹ ਸਦਾ ਹੀ ਵੰਡਦੇ ਰਹੇ।

"ਕੋਟਿ ਤੇਤੀਸ ਜਾਚਹਿ ਪ੍ਰਭ ਨਾਇਕ ਦੇਦੇ ਤੋਟਿ ਨਾਹੀ ਭੰਡਾਰ॥

ਊਂਧੈ ਭਾਂਡੈ ਕਛੁ ਨ ਸਮਾਵੈ ਸੀਧੈ ਅੰਮ੍ਰਿਤੁ ਪਰੈ ਨਿਹਾਰ॥" (503)

ਮਨੁੱਖ ਮਾਤਰ ਦੀ ਇਹ ਬਹੁਤ ਵਡੀ ਕਮਜ਼ੋਰੀ ਹੈ, ਕਿ ਉਹ ਆਪਣੇ ਸੁਖ ਬਾਰੇ ਹੀ ਸੋਚਦਾ ਹੈ। ਵਧਕੇ ਆਪਣੇ ਪ੍ਰਵਾਰ ਬਾਰੇ। ਕਿਸੇ ਹੋਰ ਲੰਮੀ ਨਿਗਾਹ ਦੁੜਾਈ ਤਾਂ ਅਪਣੇ ਭਾਈਚਾਰੇ ਬਾਬਤ, ਪਿੰਡ ਦੇਸ ਜਾਂ ਧਰਮ ਭਾਈਆਂ ਬਾਰੇ। ਸਮੁੱਚੇ ਮਨੁੱਖ ਮਾਤਰ ਦੇ ਭਲੇ ਲਈ ਉਦਮ ਕਰਨਾ, ਦੁਖ ਦੂਰ ਕਰਨ ਦੀ ਕੋਸ਼ਿਸ਼ ਕਰਨੀ, ਅਤੀ ਉਤਮ ਸੋਚ ਹੈ। ਗਰਜ ਰਹਿਤ, ਬਿਨਾ ਵਾਕਫੀ ਵਿਅਕਤੀ ਦੇ ਭਲੇ ਹਿੱਤ ਕੁੱਝ ਖੇਚਲ ਕਰਨੀ ਹੀ ਸਰਬੱਤ ਦਾ ਭਲਾ ਹੈ। ਮਜ਼ਬੂਰੀ ਵਸ ਅਗਰ ਅਸੀਂ ਅਮਲੀ ਤੌਰ ਤੇ ਕਿਸੇ ਦੀ ਮਦਦ ਨਹੀਂ ਕਰ ਸਕਦੇ, ਤਾਂ ਉਹਨਾਂ ਬਾਰੇ ਸੁਭ ਭਾਵਨਾਵਾਂ ਤਾਂ ਰੱਖ ਹੀ ਸਕਦੇ ਹਾਂ। ਸਤਿਗੁਰੂ ਜੀ ਦੀ ਰਹਿਨੁਮਾਈ ਵਿਚ ਸਦੀਆਂ ਤੋਂ ਖਾਲਸਾ ਪੰਥ ਸਰਬੱਤ ਦੇ ਭਲੇ ਹਿੱਤ, ਜਤਨ ਕਰਦਾ ਆ ਰਿਹਾ ਹੈ। ਇਸੇ ਕਾਰਨ ਪੰਥ ਨੂੰ ਵੱਡੀਆਂ ਮੁਸਕਲਾਂ ਵਿਚੋਂ ਦੀ ਗੁਜਰਨਾ ਪਿਆ। ਜੇ ਸਰਬੱਤ ਦੇ ਭਲੇ ਹਿੱਤ, ਜਾਨ ਦੀ ਬਾਜੀ ਤੱਕ ਭੀ ਲਾਉਣੀ ਪਈ, ਤਾਂ ਸਤਿਗੁਰੂ ਸਾਹਿਬਾਨ, ਅਤੇ ਉਹਨਾਂ ਦੇ ਵਰੋਸਾਏ ਸਿੱਖਾਂ ਵਲੋਂ ਪਾਸਾ ਨਹੀਂ ਵੱਟਿਆ ਗਿਆ। ਤੱਤੀ ਤੱਵੀ, ਦਿੱਲੀ ਦਾ ਚਾਂਦਨੀ ਚੌਕ, ਲਾਹੌਰ ਦੀ ਘਾਹ ਮੰਡੀ, ਘਲੂਘਾਰੇ.....ਤੇ ਹੋਰ ਬਹੁਤ ਕੁਝ ਸਰਬੱਤ ਦੇ ਭਲੇ ਹਿੱਤ, ਬੇਗਰਜ ਹੋਕੇ ਕੀਤਾ। ਇਸੇ ਲਈ ਇਹ ਮਾਣ ਕਰਨ ਜੋਗ ਅੱਖਰ ਸਿਖਾਂ ਦੀ ਅਰਦਾਸ ਦਾ ਅੰਗ ਬਣ ਗਏ –

"ਨਾਨਕ ਨਾਮ ਚੜਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ" (ਅਰਦਾਸ)

ਸਤਿਗੁਰੂ ਬਾਬਾ ਜੀ ਨੇ ਅਜਿਹੇ ਨਵੇਕਲੇ ਧਰਮ ਦੀ ਨੀਂਹ ਰੱਖੀ, ਜਿਸਨੂੰ ਹਰ ਕੋਈ ਬਿਨਾ ਰੋਕ ਸੌਖਿਆਂ ਹੀ ਅਪਣਾ ਸਕਦਾ ਹੈ। ਪਹਿਲਾਂ ਪ੍ਰਚਲਤ ਧਰਮ ਬਸ ਇੱਕ ਰਸਮ ਬਣਕੇ ਰਹਿ ਗਏ ਸਨ। ਇਹਨਾਂ ਨੂੰ ਧਰਮ ਮੰਦਰਾਂ ਤਕ ਮਹਿਦੂਦ ਕਰ ਦਿਤਾ ਗਿਆ ਸੀ। ਸਤਿਗੁਰੂ ਜੀ ਨੇ ਰੱਬੀ ਨਿਆਮਾਂ ਨੂੰ ਮੰਦਰਾਂ ਦੀ ਵਲਗਣ ਵਿਚੋਂ ਕੱਢਕੇ, ਇਸਨੂੰ –

ਕਾਇਆ ਮਹਲੁ ਮੰਦਰੁ ਘਰੁ ਹਰਿਕਾ, ਤਿਸ ਮਹਿ ਰਾਖੀ ਜੋਤਿ ਅਪਾਰੁ।। (1256)

"ਘਰ ਘਰ ਅੰਦਰ ਧਰਮਸਾਲ"– ਦਾ ਦਰਜਾ ਦਿਤਾ। ਹਰ ਇਕ ਦੇ ਹਿਰਦੇ ਤਕ ਧਰਮ ਦੇ ਗੁਣ ਪੁਜਦੇ ਕੀਤੇ। ਜੀਵਨ ਵਿਚ ਸਾਰੇ ਕਾਰਜ ਕਰਦਿਆਂ ਇਮਾਨਦਾਰੀ, ਨੇਕੀ ਵਚਨ ਪਾਲਣਾ, ਕਿਸੇ ਨੂੰ ਦੁੱਖ ਨਾ ਦੇਣਾ, ਹੱਕ ਨਾ ਮਾਰਨਾ.....ਇਹੀ ਤਾਂ ਹਨ ਧਰਮ ਦੇ ਗੁਣ। ਬੁਰਾ ਕੰਮ ਕਰਨ ਲੱਗੇ ਮਨੁੱਖ ਸੋਚੇ, ਕਿ ਮੈਨੂੰ ਵਾਹਿਗੁਰੂ ਵੇਖ ਰਿਹਾ ਹੈ, ਉਸਦੀ ਸੱਚੀ ਅਦਾਲਤ ਵਿੱਚ, ਇਸਦਾ ਜਵਾਬ ਦੇਣਾ ਪਵੇਗਾ। ਗੁਰੂ ਨਾਨਕ ਪਿਤਾ ਜੀ ਨੇ ਆਪਣੇ ਚਲਾਏ ਧਰਮ ਵਿਚ ਸ਼ਾਮਲ ਹੋਣ ਤੇ ਕਿਸੇ ਲਈ ਰੋਕ ਨਹੀਂ ਲਾਈ। ਅਮੀਰ ਗਰੀਬ, ਜਾਂ ਊਚੀ ਨੀਵੀਂ ਜਾਤ ਦਾ ਕੋਈ ਭੇਦ ਨਹੀਂ ਰੱਖਿਆ। ਇਸਤਰੀ ਪੁਰਖ ਸਾਰੇ ਹੀ ਬਰਾਬਰ ਭਾਈਵਾਲ ਹਨ। ਬੋਲੀ ਦੇਸ ਗੋਰੇ ਕਾਲੇ ਦਾ ਕੋਈ ਭਰਮ ਨਹੀਂ ਰਹਿਣ ਦਿੱਤਾ। ਕੋਈ ਬੰਦਸ ਨਹੀਂ ਲਾਈ ਗਈ। ਇਸਦਾ ਪ੍ਰਤੱਖ ਸਬੂਤ ਹੈ, ਹਰੇਕ ਗੁਰਦੁਆਰਾ, ਗੁਰੂ ਘਰ ਚਾਰ ਦਰਵਾਜੇ, ਚੋਂਹ ਵਰਨਾ ਲਈ ਖੁੱਲੇ ਹਨ। ਸੰਗਤ ਪੰਗਤ ਸਾਰਿਆਂ ਲਈ ਹੈ, ਇਕ ਸਮਾਨ। ਗੁਰੂ ਗ੍ਰੰਥ ਸਾਹਿਬ ਵਿਚ ਸਾਰੀਆਂ ਜਾਤਾਂ ਨੂੰ ਸਮੂਲੀਅਤ ਬਖਸਕੇ, ਸਤਿਗੁਰੂ ਜੀ ਵੱਲੋਂ ਇੱਕ ਬਹੁਤ ਉਚੀ ਮਿਸਾਲ ਕਾਇਮ ਕਰ ਦਿੱਤੀ ਗਈ। ਦੱਬੇ ਕੁਚਲੇ ਲੋਕ, ਜਾਂ ਸਮਾਜ ਦੀ "ਰਹਿੰਦ ਖੂੰਹਦ", ਜਿਨਾਂ ਨੂੰ ਸਦੀਆਂ ਤੋਂ ਪੈਰਾਂ ਹੇਠ ਲਿਤਾੜਿਆ ਜਾ ਰਿਹਾ ਸੀ। ਸਤਿਗੁਰੂ ਜੀ ਨੇ ਅਜਿਹਾ ਕਾਰਨਾਮਾ ਕੀਤਾ ਕਿ ਸਰਦਾਰੀਆਂ ਬਾਦਸ਼ਾਹੀਆਂ ਬਖ਼ਸ਼ ਦਿੱਤੀਆਂ। ਸੀਸ ਤੇ ਤਾਜ ਸਜਾ ਦਿੱਤੇ। ਜਿਨਾ ਦੀ ਸਦੀਆਂ ਤੋਂ ਕਿਸੇ ਬਾਂਹ ਨਹੀਂ ਫੜੀ ਸੀ, ਉਹਨਾਂ ਨੂੰ ਵੱਡੇ ਰੁਤਬੇ ਅਹੁਦੇ ਪ੍ਰਾਪਤ ਹੋਏ। ਬਗੈਰ ਕਿਸੇ ਵਿਤਕਰੇ ਤੋਂ, ਸਭ ਨੂੰ ਇਕੋ ਜਿਹਾ ਉਪਦੇਸ਼, ਇਕੋ ਜਿਹਾ ਮਾਣ ਤੇ ਧਰਮ ਵਿਚ ਪ੍ਰਵੇਸ਼ ਕਰਨ ਦਾ, ਅੰਮ੍ਰਿਤ ਛਕਣ ਦਾ ਬ੍ਰਾਬਰ ਅਧਿਕਾਰ ਦਿਤਾ।

"ਏਕ ਪਿਤਾ ਏਕਸ ਕੇ ਹਮ ਬਾਰਿਕ ਤੂੰ ਮੇਰਾ ਗੁਰਹਾਈ॥ " (ਮ.੫ 611)

ਬਿਸਰ ਗਈ ਸਭ ਤਾਤ ਪਰਾਈ॥ ਜਬ ਤੇ ਸਾਧ ਸੰਗਤਿ ਮੋਹਿ ਪਾਈ॥ (1299)

ਜਿਸ ਸੱਭਿਅਤਾ ਵਿਚ ਅਸੀਂ ਵਿਚਰ ਰਹੇ ਹਾਂ ਅੱਜ ਭੀ ਉਸ ਵਿਚ **"ਸਭ ਅੱਛਾ"** ਨਹੀਂ ਹੈ। ਮਨੁੱਖ ਆਪਣੇ ਭਰਾ ਮਨੁੱਖ ਤੋਂ ਨਫਰਤ ਕਰੇ, ਨੀਵਾਂ ਸਮਝੇ ਇਹ ਘੋਰ ਪਾਪ ਹੈ।

ਇਥੇ ਤਾਂ ਮਨੁੱਖ ਮਾਤਰ ਦੇ ਪਰਛਾਵੇ ਜਾਂ ਉਸਦੀ ਦ੍ਰਿਸ਼ਟੀ ਤੋਂ ਭੀ ਲੋਕੀ ਭਿੱਟੇ ਜਾਂਦੇ ਹਨ। ਅੱਜ ਤੱਕ ਇਸ ਪੀਰਾਂ ਅਵਤਾਰਾਂ ਰਿਸ਼ੀਆਂ ਮੁਨੀਆਂ ਦੇ ਭਾਰਤ ਵਿਚ, ਧਰਮ ਮੰਦਰ (?) ਭੀ ਕੁਝ ਵਿਸ਼ੇਸ਼ ਜਾਤੀ ਦੇ ਲੋਕਾਂ ਲਈ ਖੁੱਲੇ ਹਨ। ਜਨ ਸਾਧਾਰਣ ਲਈ ਮੰਦਰਾਂ ਵਿਚ ਦਾਖਲ ਹੋਣ ਤੇ ਸਖਤ ਪਾਬੰਦੀ ਹੈ। ਰਸਾਤਲ ਵਿਚ ਗਰਕ ਕਰ ਦਿੱਤੇ ਗਏ, ਸੂਦਰ ਬਣਾ ਦਿੱਤੇ ਗਏ, ਮਨੁੱਖਾਂ ਨੂੰ ਧਰਮ ਉਪਦੇਸ਼ ਸੁਣਨ ਬਦਲੇ, ਪਿਘਲਿਆ ਗਰਮ ਸਿੱਕਾ ਕੰਨਾ ਵਿਚ ਪੁਆਣਾ ਪੈਂਦਾ ਸੀ। ਮੰਦਰ ਦੇ ਅੰਦਰ ਦਾਖਲ ਹੋਣਾ ਤਾਂ ਕਿਤੇ ਰਿਹਾ, ਨੇੜਿਉ ਲੰਘਦਿਆਂ ਨੂੰ ਭੀ ਮਾਰ ਮਾਰ ਕੇ ਅਧਮੋਏ ਕਰ ਦਿੱਤਾ ਜਾਂਦਾ ਸੀ। ਇੱਕ ਬਹੁਤ ਮਹਾਨ ਆਤਮਾ ਨਾਮਦੇਵ ਜੀ ਨੂੰ ਬਿਨਾ ਕਸੂਰ ਤੋਂ ਮੰਦਰ ਵਿਚੋਂ ਧੱਕੇ ਮਾਰਕੇ ਕੱਢ ਦਿੱਤਾ ਸੀ। ਵਿਆਕੁਲਤਾ ਵਿਚ ਨਾਮਦੇਵ ਜੀ ਨੇ ਰੱਬ ਅੱਗੇ ਫਰਿਆਦ ਕੀਤੀ – ਪਿਤਾ ਪਰਮੇਸਰ ਜੀਓ। ਤੁਸੀਂ ਵੇਖ ਰਹੇ ਹੋ ਨਾ, ਮੈਂ ਤੁਹਾਡਾ ਨਿਮਾਣਾ ਜਿਹਾ ਬੇਟਾ ਹਾਂ। ਇਹ ਹੰਕਾਰੀ ਪਾਖੰਡੀ ਜਾਤੀ ਗਰੂਰ ਵਿਚ, ਮੈਨੂੰ **"ਢੇਡ"** ਆਖਕੇ ਜਲੀਲ ਕਰ ਰਹੇ ਹਨ। ਮੈਂ ਤੁਹਾਡਾ ਸੇਵਕ ਹਾਂ, ਜੇ ਮੈਨੂੰ ਮਰਨ ਤੋਂ ਬਾਦ ਮੁਕਤੀ ਭੀ ਮਿਲ ਗਈ ਤਾਂ ਕਿਸ ਕੰਮ ? ਮੈ ਤਾਂ ਹੁਣੇ ਇਸੇ ਜਨਮ ਵਿਚ ਇਹਨਾਂ ਸਾਰੇ ਬੰਧਨਾ ਤੋਂ ਮੁਕਤੀ ਚਾਹੁੰਦਾ ਹਾਂ। ਨਹੀਂ ਤਾਂ ਸੁਣ ਲਉ ਪਿਤਾ ਜੀਉ, ਇਹ ਬੇਇਜ਼ਤੀ ਮੇਰੀ ਨਹੀਂ ਸਗੋਂ ਤੁਹਾਡੀ ਹੈ, ਕਿਉਂਕਿ ਮੈਂ ਤਾਂ ਤੁਹਾਨੂੰ ਆਪਣਾ ਪਿਤਾ ਸਵੀਕਾਰ ਕੀਤਾ ਹੈ।

"ਮੂਏ ਹੂਏ ਜਉ ਮੁਕਤਿ ਦੇਹੁਗੇ ਮੁਕਤਿ ਨ ਜਾਨੈ ਕੋਇਲਾ॥
ਏ ਪੰਡੀਆ ਮੋਕਉ ਢੇਢ ਕਹਤ ਤੇਰੀ ਪੈਜ ਪਿਛੰਉਡੀ ਹੋਇਲਾ॥ (1292)

ਸਤਿਗੁਰੂ ਨਾਨਕ ਪਿਤਾ ਜੀ ਨੇ ਨਾਮ ਦੇਵ ਤੇ ਉਸਦੀ ਉੱਮਤ ਨੂੰ ਗਲਵਕੜੀ ਵਿਚ ਲਿਆ। ਸਤਿਗੁਰੂ ਜੀ ਨੇ ਸਮਝਾਇਆ "ਮੇਰੇ ਵੀਰ ਨਾਮਦੇਵ (ਆਤਮਕ ਵਲਵਲੇ) ਭੁੱਲਕੇ ਭੀ ਉਸ ਥਾਂ ਉਹਨਾਂ ਪਾਪੀ ਲੋਕਾਂ ਵਿਚ ਨਾਂ ਜਾਵੀਂ, ਜਿਥੇ ਫਿਟਕਾਰਾਂ ਪੈਣ, ਧੱਕੇ ਮਾਰੇ ਜਾਣ। ਆ ਤੈਨੂੰ ਇਕ ਮਹਾਨ ਰੁਤਬਾ ਦਿਆਂ, ਮੈਂ ਭੀ ਤੇਰੇ ਵਿਚਾਰਾਂ ਦਾ ਹਾਮੀ ਹਾਂ। ਆਪਾਂ ਇਕ ਨਵੇਂ ਸਮਾਜ ਦੀ ਸਿਰਜਣਾ ਕਰਾਂਗੇ। ਨਾਮਦੇਵ ਜੀ ਦੀ ਪਾਵਨ ਬਾਣੀ ਬਾਬਾ ਜੀ ਨੇ ਆਪਣੇ ਕੋਲ ਉਤਾਰਾ ਕਰਕੇ ਸਾਂਭ ਲਈ। ਰਵਿਦਾਸ, ਕਬੀਰ ਤੇ ਨਾਮਦੇਵ ਜੀ ਨੂੰ ਮਾਣ ਬਖਸ਼ਦਿਆਂ,

ਉਹਨਾਂ ਦੀ ਪਵਿੱਤਰ ਬਾਣੀ ਨੂੰ ਸਿੱਖ ਧਰਮ ਦੇ ਮਹਾਨ ਗਰੰਥ ਵਿਚ ਸਤਿਕਾਰ ਯੋਗ ਅਸਥਾਨ ਦਿੱਤਾ ਗਿਆ। ਜਿਨਾਂ ਸ਼ੂਦਰਾਂ ਨੂੰ ਮੰਦਰਾਂ ਦੇ ਨੇੜਿਉ ਲੰਘਣਾ ਭੀ ਮਨਾ ਸੀ, ਉਹਨਾਂ ਨੂੰ ਲੱਖਾਂ ਲੋਕੀ ਨਿਤ ਦਿਨ ਨਮਸਕਾਰਾਂ ਕਰਦੇ ਵੇਖੇ ਜਾ ਸਕਦੇ ਹਨ। ਇਸ ਕਰਕੇ ਹਰ ਮਾਈ ਭਾਈ ਨੂੰ, ਬਿਨਾ ਵਿਤਕਰੇ ਪੰਗਤ ਤੇ ਸੰਗਤ ਵਿਚ, ਸ਼ਾਮਲ ਹੋਣ ਦਾ ਅਧਿਕਾਰ ਹੈ। ਸਰੋਵਰਾਂ ਵਿਚ ਹਰ ਕੋਈ ਇਸ਼ਨਾਨ ਕਰ ਸਕਦਾ ਹੈ। ਗੁਰੂ ਨਾਨਕ ਬਾਬਾ ਜੀ ਨੇ ਇਕੋ ਪਰਵਾਰ ਦੇ ਮੈਂਬਰ ਸਾਰਿਆਂ ਨੂੰ ਬਣਾ ਦਿਤਾ।

"ਹੋਇ ਇਕਤ੍ਰ ਮਿਲਹੁ ਮੇਰੇ ਭਾਈ, ਦੁਬਿਧਾ ਦੂਰਿ ਕਰਹੁ ਲਿਵ ਲਾਇ॥
ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ॥ " (1185)

ਪੁਰਾਤਨ ਸਮਿਆਂ ਤੋਂ ਲੈ ਕੇ ਅੱਜ ਤਕ ਇਹੀ ਵਰਤਾਰਾ ਵੇਖਣ ਨੂੰ ਮਿਲਦਾ ਹੈ ਕਿ ਜਿਸ ਕਿਸੇ ਨੇ ਏਕਤਾ ਦੇ ਸੂਤਰ ਵਿਚ ਪਰੋਏ ਜਾ ਕੇ ਆਪਣੀ ਤਾਕਤ ਵਧਾ ਲਈ, ਉਹੀ ਦੂਜਿਆਂ ਨੂੰ ਗੁਲਾਮ ਬਣਾਉਣ, ਧਾਵਾ ਬੋਲਣ ਚੱਲ ਪਿਆ। ਜਦੋਂ ਅੱਗੋਂ ਕੋਈ ਮੁਕਾਬਲਾ ਕਰਨ ਵਾਲਾ ਭੀ ਨਾ ਹੋਵੇ, ਫਿਰ ਲੁਟੇਰਿਆ ਦੇ ਹੋਰ ਭੀ ਹੌਂਸਲੇ ਵਧ ਜਾਂਦੇ ਹਨ। ਕਿਸੇ ਇਲਾਕਾ ਪ੍ਰਸਤੀ ਕਰਕੇ, ਕਿਸੇ ਖਾਨਦਾਨੀ ਸ਼ਾਨ ਦੇ ਬਹਾਨੇ, ਤੇ ਕਿਸੇ ਨੇ ਧਰਮ ਦੇ ਨਾਮ ਤੇ, ਜਥੇਬੰਦੀ ਮਜ਼ਬੂਤ ਕੀਤੀ, ਉਹੀ ਦਰਿੰਦਾ ਹੋ ਨਿਬੜਿਆ। ਰਾਜੇ ਰੱਤ ਪੀਣੇ, ਅਹਿਲਕਾਰ ਮਾਸਖਾਣੇ, ਤੇ ਜੰਤਾਂ ਮਾਸੂਮ ਭੇਡਾਂ ਬੱਕਰੀਆਂ ਦੀ ਨਿਆਈ। ਦੇਸੀ ਅਤੇ ਬਦੇਸੀ ਦੋਵੇਂ ਤਰ੍ਹਾਂ ਦੇ ਹਾਕਮ, ਗਰੀਬ ਜੰਤਾ ਤੇ ਜੁਲਮ ਢਾਹ ਰਹੇ ਸਨ। ਬਿਨਾਂ ਤਾਕਤ ਤੋਂ ਇਨਾ ਖੂਨੀ ਟੋਲਿਆਂ ਨੂੰ ਜੁਲਮ ਕਰਨੋ ਰੋਕਿਆ ਜਾਣਾ ਸੰਭਵ ਨਹੀਂ ਸੀ। ਸਤਿਗੁਰੂ ਪਿਤਾ ਜੀ ਨੇ ਨਾਮ ਜਪਣ ਵਾਲੇ ਧਰਮੀ ਲੋਕਾਂ ਦਾ, ਸੰਗਠਨ ਬਣਾਇਆ। ਇਹਨਾਂ ਧਰਮੀ ਸੂਰਮਿਆਂ ਨੇ, ਹਿੱਕ ਡਾਹਕੇ ਜੁਲਮ ਦੀ ਹਨੇਰੀ ਨੂੰ ਠੱਲ ਪਾਈ, ਜਾਬਰਾਂ ਦਾ ਮੂੰਹ ਭੰਨਿਆਂ। ਜੁਲਮ ਦਾ ਰਾਜ ਨਹੀਂ, **"ਹਲੇਮੀ ਰਾਜ"** ਦਾ ਸੰਕਲਪ ਸੰਸਾਰ ਦੇ ਲੋਕਾਂ ਸਨਮੁੱਖ ਪੇਸ਼ ਕੀਤਾ। ਅਜਿਹਾ ਰਾਜ ਤੇ ਸਮਾਜ ਜਿਥੇ ਹਰ ਕੋਈ ਸਨਮਾਨ ਨਾਲ ਜੀਵਨ ਬਤੀਤ ਕਰੇ। ਕਿਸੇ ਨੂੰ ਕੋਈ ਬੰਦਿਸ ਨਾਂ ਹੋਵੇ, ਉੱਚਾ ਨੀਵਾਂ ਨਾ ਹੋਵੇ। ਜੋਰ ਜਬਰ ਕੋਈ ਨਾ ਕਰ ਸਕੇ। ਇਸ **"ਸੰਤ ਸਿਪਾਹੀ"** ਨੇ, ਨਵੇਂ ਪੂਰਨੇ ਪਾਏ। ਸਦੀਆਂ

ਤੋਂ ਭਾਰਤ ਲੁੱਟਿਆ ਪੁੱਟਿਆ ਤੇ ਬਰਬਾਦ ਕੀਤਾ ਜਾ ਰਿਹਾ ਸੀ । ਸਤਿਗੁਰੂ ਜੀ ਨੇ ਇਸ " ਸ਼ਸ਼ਤਰਧਾਰੀ ਸੰਤ ਨੂੰ ਅਜਿਹੀ ਸਿੱਖਿਆ ਤੇ ਤਾਕਤ ਦਿੱਤੀ ਕਿ ਜਾਲਮਾਂ ਨੂੰ ਭਾਜੜਾ ਪ੍ਰਆ ਦਿਤੀਆਂ। ਇਹ "ਬੇਗਮ ਪੁਰਾ" ਗੁਰੂ ਨਾਨਕ ਸਾਹਿਬ ਜੀ ਦੀ ਕਿਰਪਾ ਸਦਕਾ ਪ੍ਰਾਪਤ ਹੋਇਆ।

ਸਮੁੰਦ ਵਿਰੋਲਿ ਸਰੀਰੁ ਹਮ ਦੇਖਿਆ, ਇਕ ਵਸਤ ਅਨੂਪ ਦਿਖਾਈ॥

ਗੁਰੂ ਗੋਬਿੰਦ, ਗੋਬਿੰਦ ਗੁਰੂ ਹੈ ਨਾਨਕ ਭੇਦੁ ਨ ਭਾਈ॥ (442)

ਸਦੀਆਂ ਤੋਂ ਤਕੜਾ ਕਮਜ਼ੋਰਾਂ ਤੇ ਜੁਲਮ ਕਰਦਾ ਆ ਰਿਹਾ ਸੀ। ਜੁਲਮ ਕਰਨ ਵਾਲਿਆਂ ਦਾ ਇੰਨਾ ਹੌਂਸਲਾ ਇਸ ਕਰਕੇ ਵਧਿਆ ਹੋਇਆ ਸੀ, ਕਿਉਂਕਿ ਅੱਗੋਂ ਮੁਕਾਬਲਾ ਕਰਨ ਵਾਲਾ ਕੋਈ ਨਹੀਂ ਸੀ। ਜੋਗੀ ਸਨਿਆਸੀ ਬ੍ਰਾਹਮਣ ਤੇ ਕਾਜੀ, ਆਪੋ ਆਪਣੇ ਤਰੀਕੇ, ਜੰਤਾ ਨੂੰ ਧਰਮ ਦੇ ਨਾਂ ਤੇ ਲੁੱਟ ਰਹੇ ਸਨ ਤੇ ਰਾਜੇ ਵਜੀਰ ਅਫਸਰ ਚੌਧਰੀ ਨੰਬਰਦਾਰ ਆਪਣੇ ਢੰਗ ਖੂਨ ਪੀ ਰਹੇ ਸਨ। ਜੰਤਾ ਡਰੀ ਸਹਿਮੀ ਹੋਈ ਉਚੀ ਆਵਾਜ ਤੱਕ ਨਹੀਂ ਕੱਢਦੀ ਸੀ। ਸਤਿਗੁਰੂ ਜੀ ਨੇ ਇਕ ਨਵਾਂ ਸਿਧਾਂਤ ਪੇਸ਼ ਕੀਤਾ। ਆਉ ਧਰਮੀ ਲੋਕੋ! ਹੁਣ ਜੁਲਮ ਦੇ ਖਾਤਮੇ ਵਾਸਤੇ ਤੁਸੀਂ ਹੱਥ ਵਿਚ ਕਿਰਪਾਨ ਪਕੜੋ। ਬੇਖੌਫ਼ ਹੋ ਮੈਦਾਨ ਵਿਚ ਨਿੱਤਰੋ, ਜੁਲਮ ਦੇ ਵਿਰੁੱਧ ਜੰਗ ਕਰਨਾ, **"ਧਰਮ ਯੁੱਧ"** ਹੈ। ਇਹਨਾਂ ਗਿਆਨੀਆਂ, ਸੰਤਾਂ ਭਗਤਾਂ ਤੇ ਗੁਰਮੁਖਾਂ ਨੇ ਜੁਲਮ ਵਿਰੁਧ ਤੇਗਾਂ ਸੂਤ ਲਈਆਂ, ਬੰਦੂਕਾਂ ਤਿਆਰ ਕਰ ਲਈਆਂ, ਤੀਰਾਂ ਕਮਾਨਾ ਨੂੰ ਸਜਾ ਲਿਆ, ਘੋੜਿਆਂ ਤੇ ਸਵਾਰ ਹੋ ਮੌਤ ਨੂੰ ਵੰਗਾਰਨ ਲੱਗ ਪਏ। ਇਕ ਲੰਮੇ ਸਮੇਂ ਤੱਕ ਤੇਗ ਵਾਹੁਣੀ ਪਈ, ਜੰਗਲੀ ਵਾਸ ਕਰਨਾ ਪਿਆ। ਅਕਹਿ ਤੇ ਅਸਹਿ ਕਸ਼ਟ ਭੋਗਣੇ ਪਏ। ਪਰ ਇਹ "ਭਗਤਾਂ ਦੀ ਫੌਜ", ਜਿੱਤ ਹਾਸਲ ਕਰਨ ਤੱਕ, ਜੁਲਮ ਦੇ ਖਾਤਮੇ ਤੱਕ, ਤੇਗ ਵਹੁੰਦੀ ਰਹੀ। **ਭਗਤ ਸੂਰਮੇ ਬਣ ਗਏ ਤੇ ਸਿਪਾਹੀਆਂ ਨੂੰ ਧਰਮੀ ਜਿਉੜੇ ਬਣਾ ਦਿੱਤਾ।** ਤਾਂਕਿ ਕੋਈ ਵਿਅਕਤੀ ਜਾਂ ਜਥੇਬੰਦੀ, ਕਿਸੇ ਨੂੰ ਡਰਾਵੇ ਨਾ, ਕੋਈ ਕਿਸੇ ਤੋਂ ਡਰੇ ਨਾ। ਤਾਕਤਵਰ ਲੋਕ ਕਮਜ਼ੋਰਾਂ ਤੇ ਅਜਿਹੇ ਜੁਲਮ ਕਰਦੇ ਸਨ, ਜਿਨਾਂ ਨੂੰ ਪੜ੍ਹ ਸੁਣਕੇ ਤ੍ਰੇਲੀਆਂ ਛੁਟਦੀਆਂ ਹਨ। ਪੁਸ਼ਤ ਦਰ ਪੁਸ਼ਤ ਬਦ ਤੋਂ ਬਦਤਰ ਜੀਵਨ ਜਿਉਣ ਲਈ ਮਜ਼ਬੂਰ ਕਰ ਦਿੱਤਾ ਜਾਂਦਾ ਸੀ। ਸਾਰੇ

ਮਨੁੱਖੀ ਅਧਿਕਾਰ ਖਤਮ, ਤੇ ਗੁਲਾਮ ਬਣਾ ਲਏ ਜਾਂਦੇ ਸਨ। ਗੁਲਾਮਾਂ ਦੇ ਬੱਚੇ ਅਤੇ ਇਸਤਰੀਆਂ ਭੀ ਗੁਲਾਮ। ਇਹਨਾਂ ਗੁਲਾਮਾਂ ਨੂੰ ਜਦੋਂ ਜੀ ਚਾਹੇ ਵੇਚਿਆ ਜਾ ਸਕਦਾ ਸੀ, ਕੁੱਟਿਆ ਤੇ ਕਤਲ ਕੀਤਾ ਜਾ ਸਕਦਾ ਸੀ। ਕੋਈ ਦਾਦ ਫਰਿਆਦ ਕਿਤੇ ਨਹੀਂ। ਸਤਿਗੁਰੂ ਜੀ ਨੇ ਮਾਨਸਕ ਅਤੇ ਸਰੀਰਕ ਬਲ ਧਾਰਨ ਦਾ ਹੁਕਮ ਦਿੱਤਾ। ਲੰਮੀ ਜੰਗ ਤੋਂ ਬਾਦ ਗੁਰੂ ਕੇ ਲਾਲਾਂ ਨੇ ਗੁਲਾਮੀ ਨੂੰ ਗਲੋ ਲਾਹ ਦਿੱਤਾ। ਸਾਰੇ ਡਰ ਭੈ ਮੁਕਾ ਦਿੱਤੇ।

ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥ **(1412)**

ਦੁਖਿਆਰੇ ਲੋਕਾਂ ਦੇ ਭਲੇ ਲਈ ਸਤਿਗੁਰੂ ਨਾਨਕ ਜੀ ਸੰਸਾਰ ਵਿਚ ਆਏ। ਉਹਨਾਂ ਰੱਬੀ ਗਿਆਨ ਹਰ ਪ੍ਰਾਣੀ ਮਾਤਰ ਤੱਕ ਪੁਚਾਣ ਦਾ ਉਪਕਾਰ ਕੀਤਾ। ਇੱਥੇ ਤਾਂ ਜਨਮ ਤੋਂ ਹੀ ਬ੍ਰਾਹਮਣ ਨੇ ਸਾਰਿਆਂ ਦਾ ਗੁਰੂ ਹੋਣ ਦੀ ਗੱਦੀ ਸਾਂਭੀ ਹੋਈ ਸੀ। ਸ਼ੂਦਰਾਂ ਵਿਚ ਭੀ ਭਾਵੇਂ ਬਹੁਤ ਵੱਡੇ ਗੁਣੀ ਜਨ, ਵਿਦਵਾਨ ਗਿਆਨੀ ਹੋਏ ਸਨ, ਬ੍ਰਾਹਮਣ ਨੇ ਹਰ ਹਰਬਾ ਵਰਤ ਕੇ ਉਹਨਾਂ ਨੂੰ ਲਿਤਾੜ ਦਿੱਤਾ। ਬਣਦਾ ਮਾਣ ਤਾਂ ਕਿੱਥੇ ਦੇਣਾ ਸੀ, ਸਗੋਂ ਸਦਾ ਘੋਰ ਅਪਮਾਨ ਕੀਤਾ। ਕਿਉਂਕਿ ਬ੍ਰਾਹਮਣ ਦੇ ਵਡੇਰੇ ਉਸਨੂੰ ਮੰਨੂੰ ਸਿਮ੍ਰਿਤੀ, ਅਤੇ ਤੁਲਸੀ ਰਾਹੀਂ, ਅਜਿਹੀ ਮੱਤ ਦੇਕੇ ਗਏ ਸਨ। ਕਬੀਰ ਜੀ ਨੇ ਸਾਫ ਕਰਿ ਦਿਤਾ, ਮੈਂ ਬ੍ਰਾਹਮਣ ਪਾਖੰਡੀ ਲੁਟੇਰੇ ਨੂੰ ਅਪਣਾ ਆਗੂ ਕਿਸੇ ਸੂਰਤ ਭੀ ਸਵੀਕਾਰ ਨਹੀਂ ਕਰਾਂਗਾ।

"ਕਬੀਰ ਬਾਮਨੁ ਗੁਰੂ ਹੈ ਜਗਤ ਕਾ ਭਗਤਨ ਕਾ ਗੁਰੂ ਨਾਹਿ॥
ਅਰਝ ਉਰਝ ਕੈ ਪਚਿ ਮੂਆ ਚਾਰੋ ਬੇਦਹੁ ਮਾਹਿ॥" (1377)

ਗੁਰੂ ਨਾਨਕ ਪਿਤਾ ਜੀ ਨੇ ਜਾਤ ਅਤੇ ਸਰੀਰਾਂ ਨਾਲੋਂ ਗੁਣਾਂ ਦੀ ਕਦਰ ਕਰਨ ਦੀ ਪਿਰਤ ਪਾਈ। ਗੁਰੂ ਸਰੀਰ ਨਾਲੋਂ, ਗੁਰਬਾਣੀ ਨੂੰ ਉੱਚਾ ਰੁਤਬਾ ਬਖਸ਼ਿਆ। ਸਿੱਖਾਂ ਨੂੰ ਵਿਅਕਤੀ ਜਾਂ ਮੂਰਤੀ ਪੂਜਾ ਨਹੀਂ, ਨਿਰੰਕਾਰ ਵਾਹਿਗੁਰੂ ਦੀ ਅਰਾਧਨਾ ਕਰਨ ਦੀ ਜਾਚ ਸਿਖਾਈ। ਇਸੇ ਸੇਧ ਮੁਤਾਬਕ ਪੰਚਮ ਗੁਰਦੇਵ ਨੇ, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਪੋਥੀ ਸਾਹਿਬ (ਪਹਿਲਾ ਨਾਮ) ਦਾ ਪ੍ਰਕਾਸ਼ ਕੀਤਾ, ਕੋਈ ਮੂਰਤੀ ਨਹੀਂ। ਨਾ ਹੀ ਦੇਵੀ ਦੇਵਤੇ

ਤੇ ਨਾ ਹੀ ਕਿਸੇ ਗੁਰ ਵਿਅਕਤੀ ਦੀ। ਜੋ ਸਿੱਖ ਸ਼ਰਧਾਲੂ ਆਉਂਦਾ, ਗੁਰਬਾਣੀ ਵਿਚੋਂ ਸਰਬ ਪੱਖੀ ਗਿਆਨ ਹਾਸਲ ਕਰਦਾ। ਇਸੇ ਵਿਚਾਰਧਾਰਾ ਨੂੰ ਅਗੇਰੇ ਟੋਰਦਿਆਂ, ਦਸਮ ਪਾਤਸ਼ਾਹ ਹਜ਼ੂਰ ਨੇ, ਗਿਆਨ ਦੇ ਅਥਾਹ ਸਾਗਰ ਨੂੰ, ਗੁਰੂ ਹੋਣ ਦਾ ਐਲਾਨ ਕਰ ਦਿੱਤਾ। ਇਹ ਗਿਆਨ ਗੁਰੂ (ਸ਼ਬਦ ਗੁਰੂ) ਸਦੀਵ ਕਾਲ ਵਾਸਤੇ ਸਿੱਖਾਂ ਦਾ ਰਹਿਬਰ ਬਣ ਗਿਆ। ਦਸਮ ਪਾਤਸ਼ਾਹ ਨੇ ਜੋ ਕੀਤਾ, ਉਹ ਗੁਰੂ ਨਾਨਕ ਸਾਹਿਬ ਜੀ ਦੇ ਆਸ਼ੇ ਮੁਤਾਬਕ ਹੀ ਸੀ। ਸਗੋਂ ਇਹ ਕਹਿਣਾ ਜ਼ਿਆਦਾ ਵਾਜਬ ਹੋਵੇਗਾ ਕਿ ਦਸਮੇ ਜਾਮੇ ਵਿਚ ਗੁਰੂ ਨਾਨਕ ਸਾਹਿਬ ਜੀ ਨੇ ਹੀ ਗਿਆਨ ਦੇ ਸੋਮੇ ਨੂੰ ਸਦੀਵ ਕਾਲ ਵਾਸਤੇ ਗੁਰੂ ਹੋਣ ਦਾ ਲਾਸਾਨੀ ਕੌਤਕ ਵਰਤਾਇਆ।

"ਬਾਣੀ ਗੁਰੂ ਗੁਰੂ ਹੈ, ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥" (922)

ਸਾਡੇ ਆਲੇ ਦੁਆਲੇ ਅਨੇਕ ਥਾਈਂ ਕੂੜੇ ਆਦਿ ਦੇ ਵੱਡੇ ਢੇਰ ਲੱਗੇ ਹੁੰਦੇ ਹਨ। ਇਹਨਾਂ ਰਾਹੀਂ ਮੱਛਰ ਮੱਖੀ ਅਤੇ ਕਈ ਬਿਮਾਰੀਆਂ ਫੈਲ ਜਾਂਦੀਆਂ ਹਨ। ਜੋ ਜਾਨ ਲੇਵਾ ਭੀ ਹੋ ਸਕਦੀਆਂ ਹਨ। ਸਿਆਣੇ ਮਨੁੱਖ ਉਸ ਕੂੜੇ ਕਚਰੇ ਨੂੰ ਖੇਤਾਂ ਵਿਚ ਖਾਦ ਰੂਪ ਵਿਚ ਵਰਤ ਲੈਂਦੇ ਹਨ। ਇਸ ਖਾਦ ਤੋਂ ਫੁੱਲ ਫਲ ਤੇ ਫਸਲ ਕਈ ਗੁਣਾਂ ਵੱਧ ਝਾੜ ਦਿੰਦੀ ਹੈ। ਬੱਸ ਸਫਾਈ ਭੀ ਹੋ ਗਈ ਤੇ ਕਈ ਨਿਹਮਤਾਂ ਭੀ ਮਿਲ ਗਈਆਂ। ਇਸੇ ਤਰ੍ਹਾਂ ਮਨੁੱਖ ਅੰਦਰ ਬਹੁਤ ਸਾਰੇ ਔਗੁਣ ਨਕਾਨੱਕ ਭਰੇ ਪਏ ਹਨ। ਇਹਨਾਂ ਵਿਕਾਰਾਂ ਕਾਰਨ ਮਨੁੱਖਾ ਜੀਵਨ ਤਬਾਹ ਹੋ ਜਾਂਦਾ ਹੈ। ਜੇ ਅਸੀਂ ਸਤਿਗੁਰੂ ਨਾਨਕ ਸਾਹਿਬ ਜੀ ਨੂੰ ਪੁੱਛ ਵੇਖੀਏ ਕਿ "ਗੁਰੂ ਪਿਤਾ ਜੀਓ! ਕਿਰਪਾ ਕਰਕੇ ਸਮਝਾਓ, ਕਾਮ ਕਰੋਧ ਲੋਭ ਮੋਹ ਹੰਕਾਰ ਆਦਿ ਵਿਕਾਰਾਂ ਨੂੰ ਵਸ ਵਿਚ ਕਿਵੇਂ ਕਰੀਏ ?" ਤਾਂ ਪਿਤਾ ਸਤਿਗੁਰੂ ਜੀ ਫੁਰਮਾਨ ਕਰਦੇ ਹਨ, "ਗ੍ਰਿਸਤ ਦੇ ਬੰਧਨ ਵਿਚ ਬੱਝਕੇ "ਏਕਾ ਨਾਰੀ ਜਤੀ" ਵਾਲੀ ਜੁਗਤੀ ਅਪਣਾਓ, ਕਾਮ ਕਾਬੂ ਵਿਚ ਰਹੇਗਾ। ਜੇ ਵਿਆਹ ਨਾ ਕਰਵਾਇਆ ਤਾਂ ਮਨ ਬੇਕਾਬੂ ਹੋ ਕੇ ਖੁਆਰ ਕਰੇਗਾ। ਕਿਉਂਕਿ

"ਜਤਨ ਕਰੈ ਬਿੰਦੁ ਕਿਵੈ ਨ ਰਹਾਈ॥ ਮਨੂਆ ਡੋਲੈ ਨਰਕੇ ਪਾਈ" (906)

ਇਸੇ ਤਰ੍ਹਾਂ ਕਰੋਧ ਨੂੰ ਬੀਰਤਾ ਵਿਚ ਬਦਲ ਦਿਓ। ਲੋਭ ਨਾਮ ਧਨ ਇਕਤਰ ਕਰਨ

ਦਾ, ਸੇਵਾ ਕਰਨ ਦਾ ਕਰਨਾ ਹੈ। ਮੋਹ ਹੋਵੇ ਤਾਂ ਗੁਰੂ+ਵਾਹਿਗੁਰੂ ਜੀ ਨਾਲ, ਉਪਦੇਸ਼ ਕਮਾਉਣ ਦਾ। ਹੰਕਾਰ ਨੂੰ ਬਦਲ ਦੇਣਾ ਹੈ ਸਵੈਮਾਣ ਵਿਚ। ਨਿੰਦਾ ਚੁਗਲੀ ਦੀ ਥਾਂ ਗੁਰਬਾਣੀ ਸੁਣਨ ਵਲ ਰੁੱਚੀ ਬਣੀ ਹੋਵੇ। ਅੱਖਾਂ ਨਾਲ ਪਰਾਏ ਰੂਪ ਤੇ ਲੁਭਾਇਮਾਨ ਹੋਣ ਦੀ ਥਾਵੇਂ, ਹਰਜੀਵ ਵਿਚ ਪ੍ਰਭੂ ਜੋਤ ਵੇਖਣ ਦਾ ਸੁਭਾ ਬਣਾਓ। ਵਿਹਲੇ ਮਨ, ਅਤੇ ਸਰੀਰ ਨੂੰ ਜਿੰਮੇਵਾਰੀਆਂ ਵਿਚ ਰੁਝਾਈ ਰਖੋ। ਇਸ ਤਰਾਂ ਹੱਥ ਕਾਰ (ਕਿਰਤ) ਵੱਲ ਚਿੱਤ ਕਰਤਾਰ ਵੱਲ। ਇਹੀ ਢੰਗ ਹੈ ਵਿਕਾਰਾਂ ਨੂੰ ਰਚਨਾਤਮਕ ਪੱਖ ਵੱਲ ਮੋੜਨਾ ਦਾ।

"ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ॥
ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ॥ " (595)

ਧਰਮ ਦੇ ਨਾਮ ਹੇਠ ਆਮ ਲੋਕਾਂ ਨੂੰ, ਇਕ ਲੰਮੇ ਚੱਕਰਵਿਊ ਵਿਚ ਉਲਝਾਇਆ ਹੋਇਆ ਸੀ। ਸਾਧਾਰਨ ਵਿਅਕਤੀ ਅਗਿਆਨ ਵਸ ਫੋਕਟ ਕਰਮ ਕਾਂਡਾਂ ਨੂੰ ਹੀ ਧਰਮ ਮੰਨ ਬੈਠਾ ਸੀ। ਗੁਰੂ ਨਾਨਕ ਸਾਹਿਬ ਜੀ ਨੇ, ਪਹਿਲਾਂ ਇਹ ਉਪਕਾਰ ਕੀਤਾ ਕਿ ਅਖੌਤੀ, ਦੇਵਬਾਣੀ (ਸੰਸਕ੍ਰਿਤ) ਨੂੰ ਨਕਾਰ ਕੇ ਪੰਜਾਬੀ ਵਿਚ ਆਪਣੀ ਬਾਣੀ ਲਿਖੀ, ਤੇ ਧਰਮ ਉਪਦੇਸ ਕੀਤਾ। ਇਸ ਤਰ੍ਹਾਂ ਕਰਨ ਨਾਲ ਵੇਦਾਂ ਦੀ ਉੱਚਤਾ ਤੇ ਬ੍ਰਾਹਮਣਾਂ ਦੀ ਲੰਬੜਦਾਰੀ ਚਾਰੇ ਖਾਨੇ ਚਿੱਤ ਹੋ ਗਈ। ਲੋਕੀ ਆਪਣੇ ਧਰਮ ਕਰਮ ਖੁਦ ਕਰਨ ਦੇ ਯੋਗ ਹੋ ਗਏ। ਜਿਨ੍ਹਾਂ ਪਾਖੰਡ ਕਰਮਾਂ ਰਾਹੀਂ ਲੋਕਾਂ ਨੂੰ ਲੁੱਟਿਆ ਜਾਂਦਾ ਸੀ, ਉਹਨਾਂ ਵਿਚ - ਵਰਤ, ਸਰਾਧ, ਤੀਰਥ, ਇਸਨਾਨ, ਨੰਗੇ ਪੈਰੀ ਰਹਿਣਾ, ਮੋਨ ਧਾਰਨ ਕਰਨੀ, ਚਲੀਹੇ ਕੱਟਣੇ, ਪੱਥਰ (ਬੁੱਤ), ਪੂਜਾ ਹੋਮ ਜੱਗ, ਮਰਨੇ ਜੰਮਣੇ ਵਿਆਹ ਆਦਿ ਵਕਤ ਬ੍ਰਾਹਮਣੀ ਪੂਜਾ ਮਾਨਤਾ, ਸਮੇਤ ਪਸੂ ਪੰਛੀਆਂ ਅਤੇ ਰੁੱਖਾਂ ਦੀ ਪੂਜਾ ਦੇ। ਸਤਿਗੁਰੂ ਜੀ ਨੇ ਕਿਰਪਾ ਕਰਕੇ ਸਿੱਧਾ ਸਪੱਸ਼ਟ ਉਪਦੇਸ਼ ਦੇ ਕੇ, ਇਕ ਵਾਹਿਗੁਰੂ ਜੀ ਦੇ ਲੜ ਤਾਂ ਲਾਇਆ ਹੀ, ਤੇ ਬਾਕੀ ਸਾਰੇ ਅਡੰਬਰਾਂ ਤੋਂ ਮੁਕਤੀ ਦਿਵਾ ਦਿੱਤੀ। ਇਹ ਪਾਖੰਡ ਕਰਮ ਵਾਹਿਗੁਰੂ ਜੀ ਦੇ ਦਰ ਤੇ ਪਰਵਾਨ ਨਹੀਂ ਕੀਤੇ ਜਾਣੇ। ਉਥੇ ਕੇਵਲ ਨਾਮ ਜਪਿਆ ਤੇ ਨੇਕ ਕੰਮ ਹੀ ਸਹਾਈ ਹੋਣਗੇ।

ਕਪੜੁ ਰੂਪੁ ਸੁਹਾਵਣਾ, ਛਡਿ ਦੁਨੀਆ ਅੰਦਰਿ ਜਾਵਣਾ॥

ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ॥ .....ਕਰਿ ਅਉਗਣ ਪਛੋਤਾਵਣਾ॥ (470)

ਜਿਸ ਸਰਵੋਤਮ ਕਾਰਜ ਲਈ ਸਤਿਗੁਰੂ ਬਾਬਾ ਜੀ, ਜਗਤ ਵਿਚ ਤਸਰੀਫ ਲਿਆਏ ਸਨ, ਉਹ ਸੀ ਨਿਰਮਲ ਪੰਥ ਦੀ ਸਾਜਨਾ ਦਾ ਮਹਾਨ ਕਾਰਜ, ਇਸਦੀ ਸਮਾਂ ਬੱਧ ਸੰਪੂਰਨਤਾ। ਸਤਿਗੁਰੂ ਦੇ ਚਰਨਾ ਦੇ ਭੌਰੇ, ਗੁਰੂ ਪਿਆਰ ਵਿਚ ਇਕੱਤਰ ਹੁੰਦੇ ਗਏ। ਸਾਹਿਬ ਜੀ ਆਪਣੀ ਜੀਵਨ ਵਿਧੀ ਤੇ ਪਵਿੱਤਰ ਬਚਨਾ ਰਾਹੀ, ਵਿਕਾਰਾਂ ਦੀ ਮੈਲ ਕੱਢ, ਨਿਰਮਲਤਾ ਬਖਸ਼ ਰਹੇ ਸਨ। ਗੁਣਾਂ ਨਾਲ ਭਰਪੂਰ ਕਰ ਰਹੇ ਸਨ। ਸਤਿਗੁਰੂ ਜੀ ਦਾ ਪੱਲਾ ਫੜਕੇ ਪਿੱਛੇ ਟੁਰਨ ਵਾਲਿਆਂ ਦਾ ਇਕ ਕਾਫਲਾ ਬਣਦਾ ਗਿਆ। ਇਸ ਸਾਧੇ ਹੋਏ ਗੁਰਮੁਖਾਂ ਦੇ ਇਕੱਠ ਨੂੰ, ਅਗੋਂ **"ਨਿਰਮਲ ਪੰਥ"** ਜਾਂ ਸਿੱਖ ਪੰਥ ਕਿਹਾ ਜਾਣ ਲੱਗਿਆ। ਇਹ ਨਾਮ ਜਪਣ ਵਾਲੇ, ਪਰਉਕਾਰੀ "ਸਿਪਾਹੀ" ਸਨ, ਤੇ ਸ਼ਸਤਰਧਾਰੀ, ਜੁਲਮ ਦੀਆਂ ਜੜਾ ਉਖਾੜਨ ਵਾਲੇ "ਸਾਧੂ" ਸਨ। ਹੱਥੀਂ ਕਿਰਤ ਕਰਕੇ, ਵੰਡ ਛਕਣ ਵਾਲੇ ਗ੍ਰਿਸਤੀ ਸਨ। ਇਹਨਾਂ ਦੀ ਕਰਨੀ ਤੋਂ ਲੁਟੇਰੇ ਕੰਬਦੇ ਸਨ, ਮਜ਼ਲੂਮਾ ਨੂੰ ਧਰਵਾਸ ਮਿਲਦਾ ਸੀ। ਇਹ ਇਕੋ ਪ੍ਰਭੂ ਨੂੰ ਧਿਆਉਣ ਵਾਲੇ, ਇਕੋ ਵਿਚਾਰਧਾਰਾ ਨੂੰ ਮੰਨਣ ਵਾਲੇ, ਇਕੋ ਰਾਹ ਦੇ ਪਾਂਧੀ, ਇਕੋ ਮੰਜਿਲ ਤੇ ਪੁੱਜਣ ਲਈ ਉੱਦਮਸ਼ੀਲ। ਇਹ ਨਿਰਮਲ ਪੰਥ ਜੋ ਗੁਰੂ ਬਾਬਾ ਜੀ ਨੇ ਪੈਦਾ ਕੀਤਾ, ਗੋਦ ਖਿਡਾਇਆ, ਬਾਕੀ ਸਤਿਗੁਰੂਆਂ ਨੇ ਹੋਰ ਪੜਾਈ ਲਿਖਾਈ ਸਿਖਲਾਈ ਕਰਵਾਈ। 'ਤੇ ਪਰਖ ਕਰਕੇ ਦਸਮ ਪਾਤਸ਼ਾਹ ਹਜੂਰ ਨੇ, ਖਾਲਸਾ ਨਾਮ ਦੇਕੇ, ਸੰਪੂਰਨਤਾ ਦੀ ਮੋਹਰ ਲਾ ਦਿੱਤੀ। ਜਾਂ ਇਹ ਆਖ ਸਕਦੇ ਹਾਂ ਕਿ ਗੁਰੂ ਨਾਨਕ ਸਾਹਿਬ ਜੀ ਨੇ, ਦਸਵੇਂ ਜਾਮੇ ਵਿਚ, ਨਿਰਮਲ ਪੰਥ ਨੂੰ ਖਾਲਸਾ ਪੰਥ ਦੇ ਰੂਪ ਵਿਚ ਤਬਦੀਲ ਕਰ ਦਿਤਾ।

"ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥ " (960)

ਬਹੁਤ ਪੁਰਾਤਨ ਸਮਿਆ ਤੋਂ ਹੀ ਤਾਕਤਵਰ ਮਨੁੱਖ ਕਮਜ਼ੋਰਾਂ ਤੇ ਕਿਸੇ ਨ ਕਿਸੇ ਰੂਪ ਵਿਚ ਜੋਰ ਜਬਰ ਜਾਂ ਧੱਕਾ ਕਰਦੇ ਆਏ ਹਨ। ਕੋਈ ਛੋਟੇ ਜਿਹੇ ਸਾਧਾਰਣ ਵਿਤਕਰੇ ਹੋਣ ਤਾਂ ਬਰਦਾਸਤ ਕਰ ਭੀ ਲਏ ਜਾਣ, ਇਥੇ ਤਾਂ ਧਰਮ ਦੇ ਨਾਮ ਤੇ ਘੋਰ ਅਪਰਾਧ ਅਤੇ ਲੁੱਟਾਂ ਖੋਹਾਂ ਕੀਤੀਆਂ ਗਈਆਂ ਹਨ। ਹੋਰ ਸਿਤਮ ਇਹ ਪਈ ਇਕ ਵੱਡੇ ਮਨੁੱਖੀ ਭਾਈਚਾਰੇ ਨੂੰ ਸ਼ੂਦਰ

ਆਖਕੇ ਨਾਮ ਜਪਣ, ਵਿੱਦਿਆ ਹਾਸਲ ਕਰਨ, ਜ਼ਮੀਨ ਜਾਇਦਾਦ ਖ੍ਰੀਦਣ ਚੰਗੀ ਸਵਾਰੀ ਕਰਨ, ਸਿਰ ਤੇ ਪਗੜੀ ਸਜਾਉਣ, ਅਤੇ ਚੰਗਾ ਖਾਣ ਪਹਿਨਣ ਤੇ ਭੀ ਸਖਤ ਪਾਬੰਦੀ ਆਇਦ ਕਰ ਦਿੱਤੀ। ਝੂਠੇ ਇਲਜਮਾ ਲਾ ਕੇ ਜੀਭ ਕੱਟ ਦੇਣੀ, ਅੱਖਾਂ ਕੱਢ ਦੇਣੀਆਂ, ਕੰਨਾਂ ਵਿਚ ਸਿੱਕਾ ਪਿਘਲਾਕੇ ਪਾ ਦੇਣਾ। ਸੁੰਦਰ ਨੂੰਹਾਂ ਧੀਆਂ ਨਾਲ ਜਬਰ ਜਿਨਾਹ ਕਰਨਾ, ਫਿਰ ਕਿਤੇ ਕੋਈ ਸੁਣਵਾਈ ਨਾ ਹੋਣ ਦੇਣੀ ਇਕ ਆਮ ਵਰਤਾਰਾ ਸੀ। ਘਰ ਵਿਚ ਔਰਤ ਦੀ ਦਸ਼ਾ ਭੀ ਸੂਦਰਾਂ ਵਾਲੀ ਹੀ ਬਣਾ ਦਿੱਤੀ ਗਈ ਸੀ। ਪਿਤਾ ਸਤਿਗੁਰੂ ਜੀ ਨੇ ਸੋਚ ਮੰਡਲ ਦੇ ਸਾਰੇ ਪੁਰਜੇ ਹੀ ਧੋ ਦਿੱਤੇ। ਉਹਨਾਂ ਹਰ ਪ੍ਰਾਣੀ ਮਾਤਰ, ਇਸਤਰੀ ਪੁਰਖ, ਬੱਚੇ ਬੁਢੇ ਨੂੰ, ਪ੍ਰੇਮਾ ਭਗਤੀ ਕਰਨ ਦਾ ਖੁੱਲਾ ਅਧਿਕਾਰ ਦੇ ਦਿੱਤਾ। ਇਸੇ ਕਾਰਨ ਬ੍ਰਾਹਮਣ ਦੇ ਸਤਾਏ ਲੋਕ ਬੜੇ ਉਤਸ਼ਾਹ ਨਾਲ, ਸਿੱਖ ਪੰਥ ਵਿਚ ਸ਼ਾਮਲ ਹੋਣ ਲੱਗ ਪਏ। ਸਭ ਰੁਕਾਵਟਾਂ ਹਟਾ ਦਿੱਤੀਆਂ ਗਈਆਂ। ਨੀਵਿਆਂ ਵਿਚੋਂ ਸਤਿਕਾਰੇ ਗਏ ਕੁਝ ਕੁ ਬਜੁਰਗ ਗੁਰਸਿੱਖਾਂ ਦੀ ਫਰਿਸ਼ਤ ਵੇਖੋ – ਭਾਈ ਮਰਦਾਨਾ ਜੀ, ਲਾਲੋ ਜੀ, ਸੀਹਾਂ ਜੀ, ਹੱਸੂ ਜੀ, ਬਿਧੀ ਚੰਦ ਜੀ, ਜੈਤਾ ਜੀ ਆਦਿਕ ਚਮਕਦੇ ਸਿਤਾਰੇ ਹਨ। ਹੋਰ ਬਹੁਤ ਸਾਰੇ ਮਾਈ ਭਾਈ ਜੋ ਜਾਲਮ ਸਮਾਜ ਵਲੋਂ ਪਛਾੜ ਦਿਤੇ ਗਏ ਸਨ, ਸਿੱਖੀ ਮੰਡਲ ਵਿਚ ਪ੍ਰਵੇਸ਼ ਕਰਕੇ, ਮਾਣ ਪਾਉਂਦੇ ਰਹੇ। ਗੁਰੂ ਗ੍ਰੰਥ ਸਾਹਿਬ ਇਸ ਗੱਲ ਦੀ ਸਭ ਤੋਂ ਵੱਡੀ ਮਿਸਾਲ ਹਨ, ਜਿਨਾ ਅੰਦਰ ਅਖੌਤੀ ਸ਼ੂਦਰਾਂ ਦੀ ਰਸਨਾ ਤੋਂ ਉਚਾਰਨ ਕੀਤੀ ਹੋਈ ਰੱਬੀ ਬਾਣੀ, ਸਤਿਗੁਰੂ ਸਾਹਿਬ ਜੀ ਦੇ ਨਾਲ ਹੀ ਸੋਭਨੀਕ ਹੈ। ਲੱਖਾਂ ਲੋਕੀ ਜਿਸਨੂੰ ਨਿੱਤ ਸੀਸ ਝੁਕਾਉਂਦੇ ਹਨ।

"ਸਾਧ ਸੰਗਿ ਨਾਨਕ ਬੁਧਿ ਪਾਈ ਹਰਿ ਕੀਰਤਨ ਆਧਾਰੋ॥
ਨਾਮ ਦੇਉ ਤ੍ਰਿਲੋਚਨ ਕਬੀਰ ਦਾਸਹੋ ਮੁਕਤਿ ਭਇਓ ਚਮਿਆਰੋ॥ (498)

ਗ੍ਰਿਸਤ ਦੀਆਂ ਤਮਾਮ ਜਿੰਮੇਵਾਰੀਆਂ ਤੋਂ ਭਗੌੜੇ, ਅਖੌਤੀ ਧਾਰਮਿਕ ਲੋਕਾਂ ਨੇ, ਗ੍ਰਿਸਤ ਨੂੰ ਬੜੀ ਬੇਸ਼ਰਮੀ ਨਾਲ ਭੰਡਿਆ। ਗ੍ਰਿਸਤ ਦਾ ਮੂਲ ਧੁਰਾ, ਮਾਂ ਭੈਣ ਪਤਨੀ ਬੇਟੀ ਦਾ ਸ਼ਰੇਆਮ ਅਪਮਾਨ ਕੀਤਾ। ਇਸਤਰੀ ਜਾਤੀ, ਜੱਗ ਜਨਣੀ ਨੂੰ "ਨਰਕ ਦੁਆਰੀ" ਆਖ ਫਿਟਕਾਰਿਆ। ਬੱਚਿਆਂ ਤੇ ਔਰਤਾਂ ਨੂੰ ਕੁਰਲਾਂਦੇ ਛੱਡਕੇ, ਇਹ ਮਖੱਟੂ ਲੋਕ, ਜੰਗਲਾਂ ਪਹਾੜਾਂ

ਵਲ ਨੱਸ ਗਏ। ਘਰ ਉਜੜਦੇ ਰਹੇ, ਬੱਚੇ ਵਿਲਕਦੇ ਰਹੇ, ਔਰਤਾਂ ਅਪਮਾਨਤ ਅਵਸਥਾ ਵਿਚ ਹਉਕੇ ਭਰਦੀਆਂ ਰਹੀਆਂ। ਹਿੰਦੋਸਤਾਨ ਬਦੇਸੀ ਜਾਬਰਾਂ ਦੇ ਪੈਰਾਂ ਹੇਠ ਲਿਤਾੜੀਂਦਾ ਰਿਹਾ। ਇਹਨਾਂ ਜੋਗੀ ਸਨਿਆਸੀ ਤਿਆਗੀ ਸਾਧੂਆਂ ਦੀ ਅਣਖ ਗੈਰਤ ਕਦੀ ਨਾ ਜਾਗੀ। ਗੁਫਾਵਾਂ ਮੱਠਾਂ ਮੰਦਰਾਂ ਵਿਚ ਅਤੇ ਦੂਰ ਦਰਾਜ ਜੰਗਲਾਂ ਵਿਚ, ਭਗਤੀ ਤਪੱਸਿਆ (?) ਕਰਦੇ ਰਹੇ। ਗਫਲਤ ਦੀ ਨੀਂਦ ਵਿਚ ਘੂਕ ਸੁੱਤੇ ਰਹੇ। ਅੱਜ ਸਿੱਖਾਂ ਵਿਚ ਡੇਰੇਦਾਰ ਥੁੱਲ ਥੁੱਲ ਕਰਦੀਆਂ ਗੋਗੜਾਂ ਵਾਲੇ, ਨਾਮ ਜਪਣ ਦਾ ਇਹੀ ਪਾਖੰਡ ਕਰ – ਕਰਵਾ ਰਹੇ ਹਨ। ਜੁਲਮ ਦੇ ਵਿਰੁਧ ਇਹਨਾਂ ਕਦੀ ਇਕ ਅੱਖਰ ਜਬਾਨ ਤੇ ਨਹੀਂ ਆਉਣ ਦਿੱਤਾ। ਧਰਮ ਅਸਥਾਨ ਢਹਿੰਦੇ ਰਹੇ ਲੋਕਾਂ ਦਾ ਜਬਰੀ ਧਰਮ ਪ੍ਰਿਵਰਤਨ ਹੁੰਦਾ ਰਿਹਾ। ਇਹ ਲੋਕ ਸਰੀਰ ਤੇ ਸੁਆਹ ਮਲਕੇ ਭੰਗ ਆਦਿ ਪੀਕੇ ਧਰਮ (?) ਕਮਾਉਂਦੇ ਰਹੇ। ਆਮ ਲੋਕਾਂ ਨੂੰ ਮੋਹ ਮਾਇਆ ਦੇ ਜਾਲ ਵਿਚੋਂ ਕੱਢਕੇ, **"ਮੁਕਤੀ ਦਾ ਮਾਰਗ"** ਵਿਖਾਉਂਦੇ ਰਹੇ। ਹੱਥੀਂ ਕਿਰਤ ਕਰਨੀ, ਖੇਤੀ ਵਾਪਾਰ ਲੋੜਵੰਦਾਂ ਅਤੇ ਆਪਣੇ ਪ੍ਰਵਾਰਾਂ ਦੀ ਸੰਭਾਲ ਕਰਨੀ ਇਹਨਾਂ ਨੂੰ ਨਾ ਭਾਈ। ਦੇਸ ਰੱਖਿਆ ਹਿਤ ਜਾਲਮਾਂ ਨਾਲ ਦੋ ਹੱਥ ਕਰਨ ਵਾਸਤੇ ਇਹਨਾਂ ਕਦੀ ਸੋਚਿਆ ਤੱਕ ਨਹੀਂ।" **ਇਹ ਸੰਸਾਰ ਅਤੇ ਪ੍ਰਵਾਰ ਸਭ ਛਲਾਵਾ ਹੈ** "ਇਹਨਾਂ ਦਾ ਪ੍ਰਚਾਰ ਸੀ। **"ਅਬ ਦੁਖ ਅਗਲੇ ਜਨਮ ਸੁਖ"** ਦੇ ਸਬਜ ਬਾਗ ਵਿਖਾਏ ਜਾ ਰਹੇ ਸਨ। ਸਤਿਗੁਰੂ ਜੀ ਨੇ ਡੰਕੇ ਦੀ ਚੋਟ ਨਾਲ ਗੱਜਕੇ ਐਲਾਨ ਕਰ ਦਿੱਤਾ, ਪ੍ਰਭੂ ਪ੍ਰਾਪਤੀ ਵਾਸਤੇ ਘਰ ਪ੍ਰਵਾਰ ਤਿਆਗ ਕੇ ਜੰਗਲਾਂ ਵਿਚ ਭਟਕਣ ਦੀ ਜ਼ਰੂਰਤ ਨਹੀਂ ਹੈ। ਸਗੋਂ ਆਪਣੇ ਹਿੱਸੇ ਦੀਆਂ ਸਭ ਜਿੰਮੇਵਾਰੀਆਂ ਪ੍ਰਵਾਰ ਵਿਚ ਰਹਿੰਦਿਆਂ ਨਿਭਾਈਆਂ ਜਾਣ, ਪਰਮੇਸ਼ਰ ਨੂੰ ਚੇਤੇ ਰੱਖਿਆ ਜਾਵੇ। ਬੁਰਾਈਆਂ ਤੋਂ ਬਚਿਆ ਜਾਵੇ। ਖੇਤੀ ਨੌਕਰੀ ਸਿਪਾਹੀਗੀਰੀ ਨੇਕ ਨੀਅਤ ਨਾਲ ਕੋਈ ਕੰਮ ਕਰੋ ਪ੍ਰਵਾਨ ਹੈ। ਬਸ ਘਰ ਬੈਠਿਆਂ ਹੀ ਵਾਹਿਗੁਰੂ ਜੀ ਦੀ ਪ੍ਰਾਪਤੀ ਹੋ ਜਾਵੇਗੀ। ਇਹ ਅਸਲ ਧਰਮ ਹੈ, ਕਿਤੇ ਬਾਹਰ ਭਟਕਣ ਦੀ ਜ਼ਰੂਰਤ ਨਹੀਂ।

> **ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ॥**
> **ਹਸੰਦਿਆਂ ਖੇਲੰਦਿਆਂ ਪੈਨੰਦਿਆਂ ਖਾਵੰਦਿਆਂ ਵਿਚੇ ਹੋਵੈ ਮੁਕਤਿ॥** (522)

ਜੀਵਨ ਬਤੀਤ ਕਰਦਿਆਂ ਬਹੁਤ ਸਾਰੇ ਉਤਰਾ ਚੜਾਅ ਆਉਂਦੇ ਹਨ। ਕਮਜ਼ੋਰ

ਮਾਨਸਿਕ ਬਣਤਰ ਵਾਲੇ ਵਿਅਕਤੀ ਤਾਂ ਹੋਰ ਭੀ ਵਧ ਡਰਪੋਕ ਹੁੰਦੇ ਹਨ। ਚਾਲਾਕ ਬਿਰਤੀ ਵਾਲੀ ਸ੍ਰੇਣੀ ਨੇ, ਮਨੁੱਖ ਦੀ ਇਸ ਕਮਜ਼ੋਰੀ ਦਾ ਬੇਅੰਤ ਲਾਹਾ ਖੱਟਿਆ। ਉਸਦੇ ਅੱਗੇ ਇਕ ਪਾਸੇ ਸਵਰਗ ਦੇ ਸੁਪਨਮਈ ਚਿਤਰ ਪੇਸ਼ ਕੀਤੇ ਗਏ, ਤੇ ਦੂਜੇ ਬੰਨੇ ਨਰਕ ਦੀ ਭਿਆਨਕਤਾ ਰੱਖੀ ਗਈ। ਬ੍ਰਾਹਣ ਨੇ ਆਪਣੇ ਆਪ ਨੂੰ ਬ੍ਰਹਮਾ ਦੇ ਮੂੰਹ ਤੋਂ ਪੈਦਾ ਹੋਇਆ ਦੱਸਕੇ, ਸਭ ਤੋਂ ਉੱਚਾ ਘੋਸ਼ਿਤ ਕਰ ਦਿੱਤਾ। ਤੇ ਫਿਰ ਰੱਬ ਤਕ ਪਹੁੰਚ ਇਸੇ **"ਰੱਬ ਦੇ ਵਿਚੋਲੇ"** ਰਾਹੀਂ ਹੀ ਸੰਭਵ ਸੀ। ਵਿਚੋਲੇ ਦੀ ਖੁਸ਼ੀ ਹਾਸਲ ਕਰਨ ਵਾਸਤੇ, ਉਸ ਨੂੰ ਰੁਪੈ ਸੋਨਾ ਅੰਨਾਜ ਜਮੀਨ ਤੇ ਆਪਣੀਆਂ ਬੇਟੀਆਂ ਤਕ ਦਾਨ (?) ਕੀਤੀਆਂ ਜਾ ਰਹੀਆਂ ਸਨ। ਇਸ ਜਨਮ ਵਿਚ ਜੋ ਭੀ ਦਾਨ ਕਰੋਗੇ, ਅਗਲੇ ਜਨਮ ਵਿਚ ਹਜਾਰਾਂ ਗੁਣਾ ਪ੍ਰਾਪਤ ਹੋਵੇਗਾ। ਆਪਣੀ ਇਕ ਲੜਕੀ ਦਾਨ ਕਰੋਗੇ, ਤੇ ਇੰਦਰ ਦੇ ਅਖਾੜੇ ਦੀਆਂ ਹਜ਼ਾਰਾਂ ਸੁੰਦਰ ਔਰਤਾਂ ਪ੍ਰਾਪਤ ਹੋਣਗੀਆਂ। ਇਹ ਸਾਰਾ ਕੁਝ ਸੁਰਗ ਵਿਚ ਹੀ ਮਿਲੇਗਾ। ਜੇ ਇਸ ਤਰ੍ਹਾਂ ਦੇ ਦਾਨ ਪੁੰਨ ਨਹੀਂ ਕਰੋਗੇ ਤਾਂ ਹਜ਼ਾਰਾਂ ਜਨਮਾ ਤਕ ਨਰਕਾਂ ਵਿਚ ਦੁਖ ਭੋਗਣ ਲਈ ਸੁੱਟੇ ਜਾਉਗੇ। ਇਸੇ ਪਰਭਾਵ ਅਧੀਨ ਲੋਕੀ ਆਪਣੀਆਂ ਨਿੱਕੀਆਂ ਮਾਸੂਮ ਬਾਲੜੀਆਂ ਨੂੰ, ਦਾਨ ਦੇ ਰੂਪ ਵਿਚ ਇਹਨਾਂ ਵਹਿਸ਼ੀ ਲੋਕਾਂ ਨੂੰ ਸੌਂਪ ਦਿੰਦੇ ਸਨ। ਤੇ ਉਹ ਦਰਿੰਦੇ ਇਹਨਾਂ ਮਾਸੂਮ ਕਲੀਆਂ ਨੂੰ ਮਸਲ ਦਿੰਦੇ ਸਨ, ਜ਼ਿੰਦਗੀ ਬਰਬਾਦ ਕਰ ਦਿੰਦੇ ਸਨ। ਮੰਦਰਾਂ ਵਿਚ ਇਸ ਰੀਤ ਦੀ ਰਹਿੰਦ ਖੂੰਹਦ ਅੱਜ ਭੀ ਲੁਕਵੇਂ ਢੰਗ ਨਾਲ ਪ੍ਰਚਲਤ ਹੈ। **ਜੇ ਕੋਈ ਦੁਖਿਆਰਾ ਹੈ, ਗ੍ਰੀਬ ਹੈ, ਬਿਮਾਰ ਹੈ, ਤਾਂ ਪਿਛਲੇ ਜਨਮਾਂ ਦੇ ਪਾਪਾਂ ਕਾਰਨ ਹੈ। ਜੇ ਕੋਈ ਅਮੀਰ ਹੈ, ਧਨ ਪਦਾਰਥ ਹਨ, ਤੇ ਉਹ ਪਿਛਲੇ ਜਨਮ ਵਿਚ ਕੀਤੇ ਦਾਨ ਕਾਰਨ ਹੈ। ਇਸੇ ਲਈ ਦਾਨ ਪੁੰਨ ਦੇ ਭਰਮ ਜਾਲ ਵਿਚ ਫਸਕੇ, ਅਪਣਾ ਸਭ ਕੁਝ "ਬਨਾਰਸ ਦੇ ਠੱਗਾਂ" ਹਵਾਲੇ ਕਰਦਿਆਂ ਕਰਦੇ ਸਨ। ਕੁਝ ਕੇਸਾਂ ਵਿਚ ਤਾਂ ਅਪਣਾ ਸਭ ਕੁਝ ਲੁਟਾ ਕੇ ਕਾਂਸ਼ੀ ਵਿਖੇ, ਧਰਮ ਦੇ ਨਾਂ ਤੇ ਸਵਰਗ ਦੇ ਲਾਲਚ ਵਿਚ ਆਪਣੇ ਆਪ ਨੂੰ ਕਰਵੱਤਰ (ਆਰਾ) ਨਾਲ ਚਿਰਵਾ ਲੈਂਦੇ ਸਨ। ਅਲਾਹਾਬਾਦ ਵਿਖੇ ਬੋਹੜ ਤੋਂ ਡਿੱਗ ਕੇ ਜਾਨ ਗਵਾ ਲੈਣੀ, ਤੇ ਗੰਗਾ ਨਦੀ ਵਿਚ ਡੁੱਬ ਮਰਨ ਨੂੰ, ਵੱਡਾ ਪੁੰਨ ਕਿਹਾ ਗਿਆ।** ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ, ਨਰਕ ਦਾ ਡਰ ਤੇ ਸਵਰਗ ਦਾ ਲਾਲਚ ਮੂਲੋਂ ਹੀ ਰੱਦ ਕਰ

ਦਿੱਤੇ।

ਕਵਨੁ ਨਰਕੁ ਕਿਆ ਸੁਰਗੁ ਬਿਚਾਰਾ, ਸੰਤਨ ਦੋਊ ਰਾਦੇ।।

ਹਮ ਕਾਹੂ ਕੀ ਕਾਣਿ ਨ ਕਢਤੇ ਅਪਨੇ ਗੁਰ ਪਰਸਾਦੇ।। (969)

ਨਾ ਸੁਰਗ ਦਾ ਲਾਲਚ, ਤੇ ਨਾ ਨਰਕ ਦਾ ਡਰ ਰਹਿਣ ਦਿੱਤਾ। ਜੇ ਬੁਰੇ ਕੰਮ ਕਰੋਗੇ ਤਾਂ ਕੋਈ ਤੁਹਾਨੂੰ ਬਚਾ ਨਹੀਂ ਸਕੇਗਾ, ਚੰਗੇ ਕੰਮ ਕਰੋਗੇ ਤਾਂ ਕੋਈ ਤੁਹਾਡਾ ਨੁਕਸਾਨ ਨਹੀਂ ਕਰ ਸਕੇਗਾ। ਨਾਮ ਜਪਣਾ ਕਿਰਤ ਕਰਨੀ ਵੰਡ ਛਕਣਾ ਤੇ ਪ੍ਰਭੂ ਨੂੰ ਸਦਾ ਚੇਤੇ ਰੱਖਣਾ। ਅਜਿਹੇ ਖਤਰਨਾਕ ਅਤੇ ਬਹੁਤ ਹੀ ਵੱਡੇ ਭਰਮ ਜਾਲ ਵਿਚੋਂ, ਸਮਾਜ ਨੂੰ ਮੁਕਤ ਕਰ ਦਿੱਤਾ। ਹਜਾਰ ਬਾਰ ਨਮਸਕਾਰ ਹੈ ਅਜਿਹੇ ਮਹਾਨ ਬਾਬਾ ਜੀ ਨੂੰ।

ਅੰਧ ਕੂਪ ਮਹਿ ਦੀਪਕੁ ਬਲਿਓ ਗੁਰਿ ਰਿਦੈ ਕੀਓ ਪਰਗਾਸਾ॥

ਕਹੁ ਨਾਲਕ ਦਰਸੁ ਪੇਖਿ ਸੁਖੁ ਪਾਇਆ ਸਭ ਪੂਰਨ ਹੋਈ ਆਸਾ (1212)

ਓਪਰੇ ਬੋਲਾਂ ਨਾਲ ਭਾਵੇਂ ਅਨੇਕ ਵਿਅਕਤੀ ਕਹਿ ਦੇਂਦੇ ਹਨ ਕਿ ਅਸੀਂ ਰੱਬੀ ਰਜ਼ਾ ਵਿਚ ਰਾਜੀ ਰਹਿੰਦੇ ਹਾਂ, ਪਰ ਅਜਿਹਾ ਨਹੀਂ ਹੈ। ਬਹੁ ਗਿਣਤੀ ਇਨਸਾਨ ਰੋਮਾਂ ਦੀ ਬੇਅਦਬੀ ਕਰਦੇ ਹਨ। ਕੀ ਇਹ ਰੱਬ ਦੀ ਰਜਾ ਦੀ ਪਰਤੱਖ ਉਲੰਘਣਾ ਨਹੀਂ ਹੈ ? ਕਰਤਾਰ ਨੇ ਕੁਦਰਤ ਨੂੰ ਬਹੁਤ ਸੁੰਦਰ ਬਣਾਇਆ ਹੈ। ਮਨੁੱਖ ਅਤੇ ਔਰਤਾਂ ਭੀ ਪਰਮੇਸਰ ਨੇ ਅਤੀ ਸੁੰਦਰ ਬਣਾਏ ਹਨ। ਲੇਕਿਨ ਮਨੁੱਖ ਨੂੰ ਆਪਣੀ ਅਕਲ ਤੇ ਕੁਝੇ ਜ਼ਿਆਦਾ ਹੀ ਮਾਣ ਹੋ ਗਿਆ। ਇਸੇ ਲਈ ਹੋਰ ਸੋਹਣਾ ਬਣਨ ਲਈ (ਰੋਮਾਂ) ਦਾੜੀ ਕੇਸਾਂ ਦੀ ਬੇਅਦਬੀ ਕਰਦਾ ਹੈ। ਦਾੜੀ ਕੇਸਾਂ ਵਾਲੇ ਸਰੂਪ ਦੀ ਇਕ ਆਪਣੀ ਨਿਰਮਲ ਦਿੱਖ ਹੈ, ਨੂਰਾਨੀ ਪਰਭਾਵ ਹੈ। ਸਦਾ ਤੋਂ ਹੀ ਧਰਮੀ ਮਹਾਂਪੁਰਖ ਦਾੜੀ ਕੇਸਾਂ ਦੀ ਸੰਭਾਲ ਕਰਦੇ ਆਏ ਹਨ। ਕਿਉਂਕਿ ਉਹ ਸਹੀ ਮਾਹਿਨਿਆਂ ਵਿਚ ਰੱਬੀ ਰਜ਼ਾ ਵਿਚ ਰਾਜੀ ਸਨ। ਸਾਰੇ ਭਗਤ ਸਾਹਿਬਾਨ, ਦਸੇ ਪਾਤਿਸ਼ਾਹੀਆਂ, ਸਾਬਤ ਸੂਰਤ ਵਿਚ ਸਨ। ਸਤਿਗੁਰੂ ਨਾਨਕ ਸਾਹਿਬ ਤੋਂ ਲੈਕੇ ਸਦਾ ਤੋਂ ਸਿੱਖ, ਗੁਰੂ ਹੁਕਮਾਂ ਮੁਤਾਬਕ ਦਾੜੀ ਕੇਸਾਂ ਦੀ ਸੰਭਾਲ ਕਰਦੇ ਰਹੇ। ਦਸਮ ਪਾਤਸ਼ਾਹ ਹਜੂਰ ਨੇ, ਦਾੜੀ ਕੇਸਾਂ ਨੂੰ ਨੁਕਸਾਨ ਪਾਚਾਉਣ

ਵਾਲੇ ਸਿੱਖ ਨੂੰ ਸਿੱਖੀ ਵਿਚੋਂ ਖਾਰਜ ਕਰ ਦਿੱਤਾ। ਔਰਤ ਵਾਹਿਗੁਰੂ ਵਲੋਂ ਬਖਸ਼ੇ ਸਰੂਪ ਵਿਚ ਹੀ ਸੋਹਣੀ ਲਗਦੀ ਹੈ। ਜੇ ਕੋਈ ਮਨਚਲੀ ਔਰਤ ਨਕਲੀ ਦਾਹੜੀ ਕੇਸ ਚਿਹਰੇ ਨਾਲ ਚਿਪਕਾ ਲਵੇ, ਤਾਂ ਕੀ ਉਸ ਨੂੰ ਕੋਈ ਚੰਗੀ ਆਖੇਗਾ ? ਸਗੋਂ ਸਾਰਿਆਂ ਦੇ ਮਜਾਕ ਦੀ ਪਾਤਰ ਬਣੇਗੀ। ਇਸੇ ਤਰ੍ਹਾਂ ਮਨੁੱਖ ਦਾੜੀ ਕੇਸ ਕਟਵਾਕੇ, ਔਰਤ ਬਣਨ ਦਾ ਨਾਕਾਮ ਜਤਨ ਕਰ ਰਿਹਾ ਹੈ। ਇਸ ਤਰ੍ਹਾਂ ਕਰਨ ਨਾਲ ਉਹ ਔਰਤ ਬਣ ਨਹੀਂ ਸਕੇਗਾ, ਤੇ ਪੁਰਸ ਰਹਿ ਨਹੀਂ ਸਕੇਗਾ। ਇਸੇ ਸੁੰਦਰ ਸਰੂਪ ਨੂੰ ਸਤਿਗੁਰੂ ਜੀ ਨੇ ਮਾਣ ਵਡਿਆਈ ਬਖਸ਼ੀ ਸੀ।

"ਸਾਬਤ ਸੂਰਤ ਦਸਤਾਰ ਸਿਰਾ॥" (1084)

ਹਰ ਇਨਸਾਨ ਕਿਸੇ ਨਾ ਕਿਸੇ ਬੰਧਨ ਵਿਚ ਬੱਝਿਆ ਹੋਇਆ ਹੈ। ਆਪੇ ਸਹੇੜੀ ਕੈਦ ਕੱਟ ਰਿਹਾ ਹੈ। ਵਾਹਿਗੁਰੂ ਜੀ ਦਾ ਨਾਮ ਜਪਣ ਵਾਸਤੇ, ਮਨੁੱਖਾ ਸਰੀਰ ਪ੍ਰਾਪਤ ਹੋਇਆ ਸੀ। ਇਸ ਦਾ ਵਧੀਆ ਫਾਇਦਾ ਨਾ ਉਠਾਕੇ ਮਨੁੱਖ ਬੰਧਨਾ ਦੀਆਂ ਬੇੜੀਆਂ ਵਿਚ ਬੱਝ ਗਿਆ। ਜਿਸ ਕਿਸੇ ਤੋਂ ਮੁਕਤ ਹੋਣ ਦਾ ਢੰਗ ਪੁੱਛਿਆ, ਉਸਨੇ ਸਗੋਂ ਹੋਰ ਬੰਧਨਾ ਵਿਚ ਜਕੜ ਦਿੱਤਾ, ਕੁਰਾਹੇ ਪਾ ਦਿੱਤਾ। "ਤੇਰੇ ਕੀਤੇ ਦਾ ਫਲ ਹੈ, ਸਜਾ ਭੌਗਣੀ ਪਵੇਗੀ। ਦਾਨ ਕਰੋ ਤੀਰਥਾਂ ਤੇ ਜਾਉ" ਆਦਿ। ਪਰ ਬੰਧਨਾ ਤੋਂ ਮਨੁੱਖ ਨੂੰ ਮੁਕਤੀ ਨਾ ਮਿਲੀ। ਸਦੀਆਂ ਤੋਂ ਮਨੁੱਖਤਾ ਦੀ ਧਰਮ ਦੇ ਨਾਮ ਤੇ ਲੁੱਟ ਜ਼ਰੂਰ ਹੁੰਦੀ ਆ ਰਹੀ ਹੈ। ਪੈਰਾਂ ਥੱਲੇ ਲਿਤਾੜੇ ਅਖੌਤੀ ਸੂਦਰਾਂ ਨੇ ਕਿਸੇ ਦਾ ਕੀ ਵਿਗਾੜਿਆ ਹੈ ? ਜਿਨਾਂ ਨੂੰ ਹਜ਼ਾਰਾਂ ਸਾਲਾਂ ਤੋਂ ਮੁਕਤੀ ਨਹੀਂ ਮਿਲੀ। ਬਦਨਸੀਬੀ ਭੁੱਖਮਰੀ ਅਤੇ ਜਹਾਲਤ ਨੇ ਉਹਨਾਂ ਦਾ ਪਿੱਛਾ ਨਹੀਂ ਛੱਡਿਆ। ਔਰਤ, ਮਨੁੱਖ ਦੀ ਮਾਂ ਭੈਣ ਪਤਨੀ ਅਤੇ ਧੀ ਹੈ। ਮਰਦ ਦੀ ਬਰਾਬਰ ਦਾ ਅੱਧ ਹੋਣ ਦੇ ਬਾਵਜੂਦ ਭੀ, ਉਸਨੂੰ ਪੂਰਾ ਸਨਮਾਨ ਨਹੀਂ ਮਿਲਿਆ ? ਉਸਨੇ ਕਿਸੇ ਦਾ ਕੀ ਵਿਗਾੜਿਆ ਸੀ ? ਉਸਨੂੰ ਕਿਤਨੇ ਜਨਮਾ ਤੱਕ ਇਸੇ ਤਰ੍ਹਾਂ ਨਰਕੀ ਜੀਵਨ ਬਿਤਾਉਣਾ ਪਵੇਗਾ ? ਸੁਕਰਾਨਾ ਹੈ ਅਕਾਲ ਪੁਰਖ ਜੀ ਦਾ ਜਿਨ੍ਹਾਂ ਕਿਰਪਾ ਕਰਕੇ ਮਨੁਖ ਮਾਤਰ ਨੂੰ ਜ਼ਿੰਦਗੀ ਦੀ ਸਹੀ ਸੋਝੀ ਦੇਣ ਵਾਸਤੇ ਸਤਿਗੁਰੂ ਨਾਨਕ ਸਾਹਿਬ ਜੀ ਨੂੰ ਧਰਤੀ ਤੇ ਭੇਜਿਆ। ਉਹਨਾਂ ਆਕੇ ਜੀਵਨ ਮੁਕਤ ਦਾ ਪਾਠ ਪੜਾਇਆ, ਝੂਠੇ ਲਾਰਿਆਂ

ਤੇ ਵਿਸ਼ਵਾਸ ਨਾ ਕਰਨ ਦੀ ਤਾਕੀਦ ਕਰ ਦਿਤੀ।

ਸੋ ਮੁਕਤਾ ਸੰਸਾਰਿ ਜਿ ਗੁਰਉਪਦੇਸਿਆ॥

ਤਿਸ ਕੀ ਗਈ ਬਲਾਇ ਮਿਟੇ ਅੰਦੇਸਿਆ॥

ਤਿਸਕਾ ਦਰਸਨੁ ਦੇਖਿ ਜਗਤੁ ਨਿਹਲੁ ਹੋਇ॥

ਜਨ ਕੈ ਸੰਗਿ ਨਿਹਾਲੁ ਪਾਪਾਂ ਮੈਲੁ ਧੋਇ॥

ਜਿਸੁ ਘਟਿ ਵਸਿਆ ਨਾਉ ਤਿਸੁ ਬੰਧਨਾ ਕਾਟੀਐ॥

ਗੁਰ ਪ੍ਰਸਾਦਿ ਕਿਨੇ ਵਿਰਲੈ ਹਰਿ ਧਨੁ ਖਾਟੀਐ॥ (519)

ਅਤੇ -

ਮੁਕਤੇ ਸੇਵੇ ਮੁਕਤਾ ਹੋਵੈ॥ ਹਉਮੈ ਮਮਤਾ ਸਬਦੇ ਖੋਵੈ॥ (116)

ਵਿਚਿ ਦੁਨੀਆ ਸੇਵ ਕਮਾਈਐ॥ ਤਾ ਦਰਗਹ ਬੈਸਣੁ ਪਾਈਐ॥ (26)

ਇਸ ਪਵਿੱਤਰ ਬਚਨ ਦੁਆਰਾ ਸਤਿਗੁਰੂ ਜੀ ਬਿਨਾ ਕਿਸੇ ਖੁਦਗਰਜੀ ਤੋਂ ਸੇਵਾ ਕਰਨ ਦੀ ਹਦਾਇਤ ਕਰ ਰਹੇ ਹਨ। ਸੇਵਾ ਬਿਨਾ ਵਿਕਤਰੇ ਤੋਂ ਹਰ ਲੋੜ ਵੰਦ ਪ੍ਰਾਣੀ ਮਾਤਰ ਦੀ। ਸਾਰੇ ਜੀਵਾਂ ਵਿਚ ਨਿਰੰਕਾਰ ਦਾ ਵਾਸਾ ਹੈ, ਇਸ ਲਈ ਰੱਬੀ ਨਦਰ ਦੇ ਪਾਤਰ ਬਣਨ ਵਾਸਤੇ ਸੇਵਾ ਦਾ ਰਸਤਾ ਸਭ ਤੋਂ ਉਤਮ ਹੈ। ਇਸ ਨਾਲ ਸਰੀਰ ਰਿਸ਼ਟ ਪੁਸ਼ਟ ਹੁੰਦਾ ਹੈ। ਹਉਮੈ ਘਟਦੀ ਹੈ, ਮਨ ਪਵਿੱਤਰਤਾ ਵਲ ਵਧਣ ਲਗ ਪੈਂਦਾ ਹੈ। ਜਿਨਾ ਦੀ ਸੇਵਾ ਕੀਤੀ ਜਾ ਰਹੀ ਹੈ, ਉਹਨਾਂ ਦੀਆਂ ਪਿਆਰ ਅਸੀਸਾਂ ਪ੍ਰਾਪਤ ਹੁੰਦੀਆਂ ਹਨ। ਇਸ ਖੇਤਰ ਵਿਚ ਸਚੇ ਸਤਿਗੁਰੂ ਜੀ ਨੇ ਖੁਦ ਪੂਰਨੇ ਪਾਏ। ਧਰਮ ਪ੍ਰਚਾਰ ਰਾਹੀ ਦੇਸ ਵਿਦੇਸ ਵਿਚ ਭੁੱਲੇ ਭਟਕੇ ਲੋਕਾਂ ਨੂੰ ਪਰਮੇਸਰ ਦੇ ਰਾਹ ਪਾਇਆ। ਬੁਰਾਈਆਂ ਵਿਕਾਰ ਤਿਆਗ ਕੇ ਨੇਕੀ ਦੇ ਰਾਹ ਟੋਰਿਆ। ਲੰਗਰ ਦੀ ਸੇਵਾ, ਕੀਰਤਨ ਦੀ ਸੇਵਾ, ਰੋਗੀਆਂ ਬਿਮਾਰਾਂ ਦੀ ਸੇਵਾ। ਸਭ ਤੋਂ ਵੱਡੀ ਸੇਵਾ ਸੀ ਗਫਲਤ ਦੀ ਨੀਦ ਵਿਚੋਂ ਉਠਾ ਬੇਇਨਸਾਫੀ ਵਿਰੁੱਧ ਲੜਨ ਦੀ ਹਿੰਮਤ ਪੈਦਾ ਕਰ ਦੇਣੀ। ਠੀਕ ਗਲਤ ਸੱਚ ਝੂਠ ਧਰਮ ਅਧਰਮ, ਜਨਮ ਮਰਨ ਨਰਕ ਸਵਰਗ.....ਸੋਹਣੀ ਜ਼ਿੰਦਗੀ ਜਿਉਣ

ਲਈ ਹਰ ਤਰ੍ਹਾਂ ਦੀ ਸੋਝੀ ਕਰਵਾ ਦਿਤੀ, ਤਾਂ ਕਿ ਔਖੇ ਰਾਹ ਤੇ ਟੁਰਦਿਆਂ ਮਨੁੱਖ ਥਿੜਕ ਨਾ ਜਾਵੇ। **ਕਿਸੇ ਭੁਲੇ ਹੋਏ ਨੂੰ ਰਾਹ ਪਾਕੇ ਮੰਜਿਲ ਤੇ ਪੁਚਾ ਦੇਣਾ, ਵਿਕਾਰਾਂ ਦੇ ਹਮਲਿਆਂ ਤੋਂ ਸੁਰੱਖਿਅਤ ਕਰ ਦੇਣਾ, ਵਡੇਰੀ ਸੇਵਾ ਹੈ।** ਪਿਤਾ ਸਤਿਗੁਰੂ ਜੀ ਨੇ ਇਹ ਸੇਵਾ ਕੀਤੀ ਹੀ ਨਹੀਂ, ਸਗੋਂ ਆਉਣ ਵਾਲੇ ਸਮੇਂ ਵਿਚ ਆਪਣੇ ਉੱਤਰ ਅਧਿਕਾਰੀਆਂ ਨੂੰ ਸਦਾ ਸੇਵਾ ਜਾਰੀ ਰੱਖਣ ਦੀ ਤਾਕੀਦ ਕਰ ਦਿਤੀ। ਜੇ ਕਦੀ ਲੋੜ ਪਈ ਤਾਂ ਗੁਰੂ ਸਾਹਿਬ ਨੇ ਸਦਾ ਹੀ ਘਰ ਘਾਟ, ਸੁੱਖ ਆਰਾਮ ਪ੍ਰਵਾਰ ਤੇ ਆਪਣਾ ਆਪਾ ਤੱਕ, ਮਨੁੱਖਤਾ ਦੇ ਭਲੇ ਹਿੱਤ, ਲੇਖੇ ਲਾ ਦਿੱਤਾ। ਜਿਸ ਸੇਵਾ ਕੀਤਿਆਂ ਹੰਕਾਰ ਪੈਦਾ ਨਾ ਹੋਵੇ, ਕਿਸੇ ਤੇ ਅਹਿਸਾਨ ਨਾ ਜਤਾਇਆ ਜਾਵੇ, ਉਹ ਸੇਵਾ ਸਫਲ ਹੈ ਉੱਤਮ ਹੈ। ਜਿਸ ਸਤਿਗੁਰੂ ਜੀ ਨੇ ਨਿੱਜ ਤੋਂ ਉਠਾਕੇ ਵਿਸ਼ਾਲ ਦ੍ਰਿਸ਼ਟੀ ਵਾਲੇ ਬਣਾ ਦਿੱਤਾ, ਨਮਸਕਾਰ ਹੈ ਉਸ ਮਹਾਨ ਬਾਬਾ ਜੀ ਨੂੰ। ਸੇਵਾ ਕਰਨ ਵਾਲਾ ਮੰਗਦਾ ਕੁਝ ਨਹੀਂ, ਪਰ ਅਕਾਲਪੁਰਖ ਅਨੰਤ ਬਖਸਿਸਾਂ ਨਾਲ ਝੋਲੀਆਂ ਭਰ ਦਿੰਦਾ ਹੈ।

ਰੋਸ ਨ ਕਾਹੂ ਸੰਗਿ ਕਰਹੁ ਆਪਨ ਆਪਿ ਬੀਚਾਰਿ॥
ਹੋਇ ਨਿਮਾਨਾ ਜਗਿ ਰਹਹੁ ਨਾਨਕ ਨਦਰੀ ਪਾਰਿ॥ (259)

ਹਰ ਇਨਸਾਨ ਕਿਸੇ ਸੋਚ ਫਿਕਰ ਵਿਚ ਹੈ, ਬੜੇ ਝਮੇਲੇ ਹਨ, ਦਿਨ ਦਾ ਚੈਨ ਤੇ ਰਾਤਾਂ ਦੀ ਨੀਂਦ ਉੱਡ ਚੁੱਕੀ ਹੈ। ਇਸ ਵਿਆਕੁਲਤਾ ਵਿਚ ਸ਼ਾਂਤੀ ਲੱਭਦਿਆਂ, ਭੁੱਲਿਆ ਮਨੁੱਖ ਨਸ਼ਿਆਂ ਦਾ ਸਹਾਰਾ ਤਕਦਾ ਹੈ। ਦੁੱਖਾਂ ਤੋਂ ਛੁਟਕਾਰਾ ਪਾਉਂਦਾ ਸਗੋਂ ਵੱਡੀ ਦਲਦਲ ਵਿਚ ਧੱਸਦਾ ਚਲਾ ਜਾਂਦਾ ਹੈ। ਨਸ਼ਾ ਉਤਰਨ ਤੇ ਪਹਿਲਾਂ ਨਾਲੋਂ ਵਧ ਪ੍ਰੇਸ਼ਾਨੀ ਆ ਘੇਰਦੀ ਹੈ। ਇਸ ਤਰ੍ਹਾਂ ਕੁਰਾਹੇ ਪਿਆ ਜੀਵ, ਪਹਿਲਾਂ ਪੈਸਾ, ਫਿਰ ਸਿਹਤ ਤੇ ਅੰਤ ਇੱਜਤ ਆਬਰੂ ਭੀ ਗਵਾ ਲੈਂਦਾ ਹੈ। ਨਸ਼ਾ ਜਾਂ ਤੇ, ਜਵਾਨੀ ਦਾ ਜਾਂ ਫਿਰ ਪ੍ਰਭੂ ਦੇ ਨਾਮ ਸਿਮਰਣ ਦਾ ਹੀ ਬਹੁਤ ਹੁੰਦਾ ਹੈ। ਤਰਸ ਆਉਂਦਾ ਹੈ ਉਹਨਾਂ ਦੀ ਹਾਲਤ ਤੇ, ਜੋ ਜੁਆਨੀ ਵਿਚ ਨਸ਼ੇ ਦਾ ਸਹਾਰਾ ਲਭਦੇ ਹਨ। ਉਹ ਕਦੀ ਕਿਸੇ ਨੂੰ ਸਹਾਰਾ ਨਹੀਂ ਦੇ ਸਕਣਗੇ। ਸਗੋਂ ਕੁਝ ਹੀ ਸਮੇਂ ਦੇ ਅੰਦਰ ਉਹਨਾਂ ਦੀ ਜ਼ਿੰਦਗੀ ਰੁਲ ਜਾਂਦੀ ਹੈ। ਅਮਲ ਤਾਂ ਪ੍ਰਸ਼ਾਦੇ ਦਾ ਹੀ ਕਾਫ਼ੀ ਹੈ। ਨੇਕੀਆਂ ਚੰਗਿਆਈਆਂ

ਦਾ ਬੜਾ ਮਾਣ ਹੁੰਦਾ ਹੈ। ਨਸ਼ਿਆਂ ਵਿਚੋਂ ਕਦੀ ਭੀ ਖੁਸ਼ੀ ਨਸੀਬ ਨਹੀਂ ਹੁੰਦੀ। ਜਨਮਸਾਖੀ ਵਿਚ ਫੁਰਮਾਣ ਹੈ –

ਪੋਸਤ ਭੰਗ ਅਫੀਮ ਸਭ ਉਤਰ ਜਾਇ ਭਰਪਾਤ।

ਨਾਮ ਖੁਮਾਰੀ ਨਾਨਕਾ ਚੜੀ ਰਹੇ ਦਿਨ ਰਾਤ।

ਧੰਨਵਾਦ ਹੈ ਸਤਿਗੁਰੂ ਜੀ ਦਾ ਜਿਨਾਂ ਹਰ ਵਿਕਾਰ ਤੋਂ ਹੱਥ ਦੇਕੇ ਬਚਾ ਲਿਆ।

"ਇਤੁ ਮਦੁ ਪੀਤੈ ਨਾਨਕਾ ਬਹੁਤੇ ਖਟੀਅਹਿ ਬਿਕਾਰ॥" (554)

ਗੁਰਸਿੱਖੀ ਨੇ ਸਤਿਗੁਰੂ ਨਾਨਕ ਸਾਹਿਬ ਜੀ ਦੇ ਘਰ ਜਨਮ ਲਿਆ। ਪਿਤਾ ਗੁਰੂ ਜੀ ਤੋਂ ਗੁਰਬਾਣੀ ਰੂਪੀ ਲੋਰੀਆਂ ਗੀਤ (ਗੁਰਬਾਣੀ) ਸਿੱਖੇ, ਉਂਗਲ ਫੜਕੇ ਨਿੱਕੇ ਕਦਮਾਂ ਨਾਲ ਪਿਤਾ ਜੀ ਦੇ ਪਿੱਛੇ ਟੁਰੇ। ਅੱਠ ਗੁਰੂ ਸਾਹਿਬਾਨ ਨੇ ਇਸਨੂੰ ਪਰਵਾਨ ਚੜਾਉਣ ਹਿਤ ਅਣਗਿਣਤ ਘਾਲਣਾ ਘਾਲੀਆਂ। ਦਸਮ ਪਾਤਿਸ਼ਾਹ ਹਜੂਰ ਨੇ ਗੁਰ ਸਿੱਖੀ ਨੂੰ ਵਿਕਾਸ ਦੀ ਸਿਖਰਲੀ ਚੋਟੀ ਤੇ ਪੁਚਾ ਦਿੱਤਾ। ਜਿਵੇਂ ਜਵਾਨ ਹੋ ਚੁਕੇ ਪੁੱਤਰ ਨੂੰ ਪਿਤਾ ਸਾਰੀਆ ਜਿੰਮੇਵਾਰੀਆਂ ਯੋਗ ਜਾਣ ਕੇ ਸੰਭਾਲ ਦਿੰਦਾ ਹੈ। ਫੌਜ ਵਿਚ ਰੰਗਰੂਟ ਨੂੰ ਸਿਪਾਹੀ ਦੀ ਵਰਦੀ ਦੇਣ ਵਕਤ, ਸਿੱਖਿਆ ਪੂਰੀ ਹੋਣ ਤੇ, ਵਫਾਦਾਰੀ ਦੀ ਕਸਮ ਚੁਕਵਾਈ ਜਾਂਦੀ ਹੈ। ਜਿਵੇਂ ਚੁਣੇ ਗਏ MLA MP ਨੂੰ ਅਹੁਦਾ ਸੰਭਾਲਣ ਤੋਂ ਪਹਿਲਾਂ ਹਲਫ ਲੈਣਾ ਜ਼ਰੂਰੀ ਹੈ। ਇਸੇ ਤਰ੍ਹਾਂ ਸਾਰੀਆਂ ਮਹੱਤਵਪੂਰਨ ਜ਼ਿੰਮੇਵਾਰੀਆਂ ਸੌਂਪਣ ਤੋਂ ਪਹਿਲਾਂ, ਦਸਵੇਂ ਨਾਨਕ ਜੀ ਨੇ, ਰਹਿਤਾਂ ਦ੍ਰਿੜ ਕਰਵਾਈਆਂ। ਗੁਰਮਤਿ ਦੇ ਸਾਰੇ ਪੱਖ ਸਮਝਾਕੇ, ਇਹ ਵਚਨ ਲਿਆ ਕਿ ਚਾਰ ਵੱਡੀਆਂ ਗਲਤੀਆਂ (ਬੱਜਰ ਕੁਰਹਿਤਾਂ) ਨਹੀਂ ਕਰਨੀਆਂ। ਦਾੜ੍ਹੀ ਕੇਸਾਂ ਦੀ ਬੇਅਦਬੀ ਨਹੀਂ ਕਰਨੀ। ਤੰਬਾਕੂ ਸਮੇਤ ਕੋਈ ਨਸ਼ਾ ਨਹੀਂ ਵਰਤਣਾ। ਹਲਾਲ ਜਾਂ ਕੁੱਠਾ ਮਾਸ ਨਹੀਂ ਖਾਣਾ। ਪਰਤਨ ਗਾਮੀ ਨਹੀਂ ਹੋਣਾ। ਜੇ ਕੋਈ ਸਿੱਖ ਇਹਨਾਂ ਵੱਡੀਆਂ ਕੁਰਹਿਤਾਂ ਵਿਚੋਂ, ਇਕ ਕੁਰਹਿਤ ਭੀ ਕਰ ਦੇਵੇ, ਉਸਨੂੰ ਗੁਰੂ ਕੇ ਪ੍ਰਵਾਰ (ਸਿੱਖੀ ਮੰਡਲ) ਵਿਚੋਂ ਖਾਰਜ ਮੰਨਿਆ ਜਾਵੇਗਾ। ਇਹ ਮੇਰਾ ਹੁਕਮ ਹੈ, ਸਤਿਗੁਰੂ ਜੀ ਨੇ ਚੰਗੀ ਤਰ੍ਹਾਂ ਹਦਾਇਤ ਕਰ ਦਿੱਤੀ। ਇਹਨਾਂ ਬਚਨਾ ਦੀ ਸਿੱਖਾਂ ਨੇ ਜੀਅ ਜਾਨ ਨਾਲ ਪਾਲਣਾ ਕੀਤੀ। ਸਿੱਖ ਜੰਗਾਂ ਜੁਧਾਂ ਦੇ ਭਿਆਨਕ ਸਮੇਂ ਵਿਚ ਭੀ, ਪਾਪ ਕਰਮ

ਕਰਨੋ ਬਚੇ ਰਹੇ, ਤੇ ਸਫਲਤਾਵਾਂ ਇਹਨਾਂ ਦੇ ਕਦਮ ਚੁੰਮਦੀਆਂ ਰਹੀਆਂ। ਅੱਜ ਦੇ ਜਮਾਨੇ ਵਿਚ ਏਡਜ਼ ਵਰਗੀ ਨਾਮੁਰਾਦ ਬਿਮਾਰੀ, **"ਪਰਤਨ ਗਾਮੀਆਂ"** ਨੂੰ ਗਾਲ ਸੁਟਦੀ ਹੈ। ਇਹਨਾਂ ਮਾਰੂ ਰੋਗਾਂ ਤੋਂ ਕੇਵਲ ਰਹਿਤਵਾਨ ਗੁਰੂ ਕਾ ਸਿੱਖ ਹੀ ਬਚਿਆ ਰਹਿ ਸਕਦਾ ਹੈ। ਨਸ਼ੇ ਅਤੀ ਮਾਰੂ ਹਨ, ਸਮਾਜ ਨੂੰ ਅੰਦਰੇ ਅੰਦਰ ਖਾ ਰਹੇ ਹਨ। ਹਲਾਲ ਮਾਸ ਦਾ ਸਬੰਧ ਸਵੈਮਾਣ ਨਾਲ ਹੈ। ਸਿੱਖ ਦੀ ਆਪਣੀ ਆਜ਼ਾਦ ਹਸਤੀ ਹੈ, ਇਸ ਨੇ ਕਿਸੇ ਦਾ ਬੇਲੋੜਾ ਦਬਾਉ ਪ੍ਰਵਾਨ ਨਹੀਂ ਕਰਨਾ। ਜੁਲਮ ਨੂੰ ਠੱਲ ਪਾਉਣ ਵਾਸਤੇ ਸਿੱਖ ਕਿਰਪਾਨ ਜ਼ਰੂਰ ਰਖੇਗਾ। ਇਹਨਾਂ ਕੀਤੇ ਕਉਲ ਕਰਾਰਾਂ ਕਾਰਨ, ਸਤਿਗੁਰੂ ਜੀ ਦੇ ਨਿਰਮਲ ਭੈ ਵਿਚ ਰਹਿੰਦਿਆਂ, ਸਿੱਖ ਵਿਕਾਰਾਂ ਦੀਆਂ ਖੱਡਾਂ ਵਿਚ ਗਰਕ ਹੋਣੋ ਸਦਾ ਵਾਸਤੇ ਮਹਿਫੂਜ ਹੋ ਗਏ। ਇਹਨਾਂ ਨਿਅਮਾ ਅਤੇ ਸੋਹਣੀ ਦਸਤਾਰ ਸਜੀ ਹੋਣ ਕਰਕੇ ਸਿੱਖ ਲੱਖਾਂ ਵਿਚ ਪਛਾਣਿਆ ਤਾਂ ਜਾਂਦਾ ਹੀ ਹੈ, ਸੁੰਦਰਤਾ ਵਿਚ ਢੇਰ ਸਾਰਾ ਵਾਧਾ ਭੀ ਹੁੰਦਾ ਹੈ।

"ਖਾਲਸਾ ਮੇਰੋ ਰੂਪ ਹੈ ਖਾਸ॥ ਖਾਲਸੇ ਮਹਿ ਹਉ ਕਰਉਂ ਨਿਵਾਸ॥"

(ਸਰਬਲੋਹ)

ਸਿੱਖ ਸਦਾ ਹੀ ਦੁੱਖ ਸੁੱਖ ਸਮੇਂ ਰੱਬੀ ਰਜਾ ਵਿਚ ਰਾਜੀ ਰਹਿੰਦੇ ਹਨ। ਪਰ ਨਾਲ ਹੀ ਉੱਦਮ ਭੀ ਸਿੱਖ ਕਰਦਾ ਹੈ। ਇਸਨੂੰ ਜਾਦੂ ਮੰਤਰਾਂ, ਗੈਬੀ ਸ਼ਕਤੀਆਂ ਤੇ ਕੋਈ ਵਿਸ਼ਵਾਸ ਨਹੀਂ, ਇਹ ਅਕਾਲ ਪੁਰਖ ਤੇ ਭਰੋਸਾ ਰੱਖ ਕੇ ਮਿਹਨਤ ਕਰਦਾ ਹੈ। ਸਤਿਗੁਰੂ ਜੀ ਦੇ ਗਿਆਨ ਅਤੇ ਸਰੀਰਕ ਤਾਕਤ ਰਾਹੀ, ਸਾਰੇ ਦੁਖਾਂ ਦਾ ਨਾਸ ਤੇ ਸੁੱਖਾਂ ਦੀ ਪ੍ਰਾਪਤੀ ਕਰਦਾ ਹੈ। ਇਸ ਦੇਸ ਦੀ ਇਹ ਵੱਡੀ ਬਦਕਿਸਮਤੀ ਰਹੀ ਹੈ ਕਿ ਇਥੇ ਵਿਹਲੜਾਂ ਲੁਟੇਰਿਆਂ ਦਾ ਸਨਮਾਨ ਕੀਤਾ ਜਾਂਦਾ ਹੈ, ਕਾਮਿਆਂ ਕਿਰਤੀਆਂ ਦਾ ਆਪਮਾਨ। ਇਸੇ ਲਈ ਹੱਥੀਂ ਮਿਹਨਤ ਕਰਨ ਦੀ ਰੁਚੀ ਹੀ ਖਤਮ ਹੋ ਗਈ।

ਕਿਸਮਤ ਦੀ ਆਸ ਲਾਈ ਰੱਖਣੀ, ਜਾ ਕਿਸੇ ਗੈਬੀ ਸ਼ਕਤੀ ਵਲੋਂ ਅਚਨਚੇਤੀ ਸੱਭ ਕੁੱਝ ਮਿਲ ਜਾਣ ਦੇ ਸੁਪਨੇ ਲੈਣੇ, ਸਤਿਗੁਰੂ ਜੀ ਨੂੰ ਮੰਜੂਰ ਨਹੀਂ ਹਨ। ਸਤਿਗੁਰੂ ਜੀ ਖੁਦ ਸਵੇ ਰੇ ਜਲਦੀ ਜਾਗਦੇ, ਇਸਨਾਨ ਕਰ, ਨਾਮ ਵਿਚ ਜੁੜਦੇ, ਸੰਗਤੀ ਰੂਪ ਵਿਚ ਕੀਰਤਨ ਕਥਾ

ਕਰਦੇ। ਉਪਦੇਸ਼ ਹੁੰਦਾ, ਖੇਤਾਂ ਵਿਚ ਕੰਮ ਕਰਦੇ, ਲੰਗਰ ਤਿਆਰ ਕਰਵਾਉਂਦੇ, ਇਸੇ ਵਿਧੀ ਨਾਲ ਸਾਰੇ ਸੇਵਕ ਸਿੱਖ ਭੀ ਸਮਾਂ ਲੇਖੇ ਲਾਉਂਦੇ। ਦਸਮ ਨਾਨਕ ਹਜ਼ੂਰ ਤੱਕ ਵਿਕਾਸ ਕਰਦੇ, ਮੰਜਲਾਂ ਤੈਹ ਕਰਦੇ, ਸਿੱਖ "ਸੰਤ ਅਤੇ ਸਿਪਾਹੀ" ਬਣ ਚੁੱਕੇ ਸਨ। ਸਤਿਗੁਰੂ ਜੀ ਦੀ ਸਰੀਰਕ ਮੌਜੂਦਗੀ ਵਿਚ ਤਾਂ ਸਫ਼ਲਤਾਵਾਂ ਹਾਸਲ ਕੀਤੀਆਂ ਹੀ ਸਨ, ਉਹਨਾਂ ਦੇ ਜੋਤੀ ਜੋਤ ਸਮਾਉਣ ਤੋਂ ਬਾਦ, ਸਿਰਾਂ ਤੇ ਖੱਫਣ ਬੰਨ ਕੇ, ਸੌ ਸਾਲ ਤੱਕ ਜਾਲਮਾਂ ਨਾਲ ਲੋਹਾ ਲੈਂਦੇ ਰਹੇ। ਅਜ਼ਾਦੀ ਬਿਨਾ ਉੱਦਮ ਕੀਤਿਆਂ ਨਹੀਂ ਆਈ। ਖੇਤੀ ਨੌਕਰੀ ਦੁਕਾਨ ਉੱਦਮ ਕਰਨ ਤੇ ਹੀ ਸਫਲ ਹੋ ਸਕਦੀ ਹੈ, ਕਿਸੇ ਕਰਾਮਾਤੀ ਸ਼ਕਤੀ ਨਾਲ ਨਹੀਂ। ਅੱਜ ਲੋੜ ਹੈ, ਕਿ ਹਿੰਮਤ ਕਰਕੇ ਗੁਰਬਾਣੀ ਦਾ ਅਰਥਾਂ ਸਮੇਤ ਪਾਠ ਆਰੰਭ ਕਰੀਏ। ਅੰਮ੍ਰਿਤ ਛਕਣ ਤੋਂ ਆਲਸ ਨਾਂ ਕਰੀਏ। ਧਰਮ ਪ੍ਰਚਾਰ ਕਰਨ ਵਿਚ ਹਿੱਸਾ ਪਾਈਏ। ਇਹ ਸਮਾਜ ਤੇ ਸੰਸਾਰ ਉੱਦਮ ਦੇ ਬਲਬੁਤੇ ਹੀ ਸੋਹਣਾ ਹੈ ਤੇ ਰਹੇਗਾ। ਆਲਸੀ ਲੋਕਾਂ ਨੇ ਕਦੀ ਸਮਾਜ ਦਾ ਕੁੱਝ ਨਹੀਂ ਸੰਵਾਰਿਆ। ਉੱਦਮੀ ਲੋਕ ਦੇਸ਼ ਦਾ ਮੂੰਹ ਮੱਥਾ ਸੰਵਾਰ ਦਿੰਦੇ ਹਨ। ਇਸੇ ਲਈ ਸਿੱਖ ਮਾਈ ਭਾਈ ਨੇ ਉੱਦਮਸ਼ੀਲ ਹੋਣਾ ਹੈ। ਇਹ ਵਿਧੀਆਂ ਤਰੀਕੇ ਜੀਵਨ ਜਾਚ, ਸਤਿਗੁਰੂ ਬਾਬਾ ਨਾਨਕ ਸਾਹਿਬ ਜੀ ਦੀ ਕਿਰਪਾ ਨਾਲ ਪ੍ਰਾਪਤ ਹੋਈਆਂ ਹਨ।

ਗਿਆਨੁ ਧਿਆਨੁ ਕਿਛੁ ਕਰਮੁ ਨ ਜਾਣਾ, ਸਾਰ ਨਾ ਜਾਣਾ ਤੇਰੀ॥
ਸਭ ਤੇ ਵਡਾ ਸਤਿਗੁਰੁ ਨਾਨਕੁ, ਜਿਨਿ ਕਲ ਰਾਖੀ ਮੇਰੀ॥ (750)
ਮੈ ਮੂਰਖ ਕੀ ਕੇਤਕ ਬਾਤ ਹੈ, ਕੋਟਿ ਪਰਾਧੀ ਤਰਿਆ ਰੇ॥
ਗੁਰੁ ਨਾਨਕੁ ਜਿਨ ਸੁਣਿਆ ਪੇਖਿਆ, ਸੇ ਫਿਰਿ ਗਰਭਾਸਿ ਨ ਪਰਿਆ ਰੇ॥ (612)

ਲੇਖਕ ਦੀਆਂ ਹੋਰ ਰਚਨਾਵਾਂ

ਪੁਸਤਕਾਂ

1. ਧਰਮ ਦੇ ਨਾਂ ਤੇ...।
2. ਸਾਡਾ ਬੇੜਾ ਇਉਂ ਗਰਕਿਆ...।
3. ਪੌਰਾਣਕ ਕਥਾਵਾਂ ਦਾ ਅੰਤ।
4. ਪੰਜਾਬ ਵਿਚੋਂ ਸਿੱਖਾਂ ਦਾ ਸਰਬਨਾਸ।

ਕਿਤਾਬਚੇ

1. ਦਸਵੰਧ ਪ੍ਰੰਪਰਾ
2. ਮੈਨੂੰ ਸਿੱਖੀ ਤੇ ਮਾਣ ਹੈ
3. ਗੁਰੂ ਅਰਜੁਨ ਸਾਹਿਬ ਜੀ
4. ਮਾਲਾ ਦੀ ਕਰਾਮਾਤ
5. ਸਿੱਖ ਸਿਧਾਂਤ
6. ਗਰੁੜ ਚੜੇ ਗੋਬਿੰਦ ਆਇਲਾ
7. ਦਿਨੁ ਰੈਣਿ ਸਭ ਸੁਹਾਵਣੇ
8. ਸਭ ਤੇ ਵਡਾ ਸਤਿਗੁਰੂ ਨਾਨਕੁ

ਆਡੀਓ ਸੀ.ਡੀਜ਼

1. ਸਿੱਖ ਸਿਧਾਤਾਂ ਦਾ ਨਿਖੇੜਾ (18 ਘੰਟੇ ਕਥਾ MP-3)
2. ਇਤਿਹਾਸ ਦਾ ਗੌਰਵ (10 ਘੰਟੇ ਕਥਾ MP-3)
3. ਕੀ ਇਹ ਸਿੱਖਾਂ ਦੇ ਤਿਉਹਾਰ ਹਨ? (10 ਘੰਟੇ ਕਥਾ MP-3)
4. ਗੁਰਉਪਦੇਸ਼ ਕੀ ਹੈ? (10 ਘੰਟੇ ਕਥਾ MP-3)
5. ਬਨਾਰਸ ਦੇ ਠੱਗ (10 ਘੰਟੇ ਕਥਾ MP-3)
6. ਵਹਿਮ ਭਰਮ ਕਿਉਂ? (10 ਘੰਟੇ ਕਥਾ MP-3)
7. ਗੁਰਬਾਣੀ ਦਾ ਚਾਨਣ (10 ਘੰਟੇ ਕਥਾ MP-3)
8. ਗੁਰਬਾਣੀ ਦੇ 52 ਹੁਕਮ (26 ਘੰਟੇ ਦੋ ਭਾਗ ਕਥਾ MP-3)
9. ਸਿੱਖੀ ਤੇ ਮਾਣ (10 ਘੰਟੇ ਕਥਾ MP-3)

ਵੀਡੀਓ ਸੀ.ਡੀਜ਼

10. ਸਿੱਖੀ ਦਾ ਮਾਣ (ਵੀਡੀਓ ਸੀਡੀ ਕਥਾ)
11. ਗੁਰੂ ਅਮਰਦਾਸ ਜੀ (ਵੀਡੀਓ ਸੀਡੀ ਕਥਾ)
12. ਅਰਦਾਸ ਕੀ ਹੈ? (ਵੀਡੀਓ ਸੀਡੀ ਕਥਾ)
13. ਚੜ੍ਹਦੀ ਕਲਾ ਕਿਵੇਂ ਹੋਵੇ (ਵੀਡੀਓ ਸੀਡੀ ਦੋ ਭਾਗ ਸੁਆਲ ਜੁਆਬ)
14. ਕੀ ਨਰਕ ਸੁਰਗ ਹੈ? (ਵੀਡੀਓ ਸੀਡੀ)
15. ਧਰਮ ਵਿਦਿਆ ਜਰੂਰੀ (ਵੀਡੀਓ ਸੀਡੀ)

ਫਤਿਹ ਪਬਲੀਕੇਸ਼ਨਜ

ਸਾਡੇ ਵੱਲੋਂ ਤੱਤ ਗੁਰਮਤ ਪ੍ਰਗਟ ਕਰਨ ਵਾਲੇ ਕਰਾਂਤੀਕਾਰ ਵਿਦਵਾਨਾਂ ਦੀਆਂ ਅਨਮੋਲ ਪੁਸਤਕਾਂ ਮਿਲ ਸਕਦੀਆਂ ਹਨ। ਜਿਨ੍ਹਾਂ ਵਿਚ ਮਾਲਾ ਫੇਰਨ, ਚੌਂਕੜੇ ਮਾਰਕੇ ਸਮਾਧੀਆਂ ਲਾਉਣ, ਬਿਨਾਂ ਸਮਝੇ ਸਿਮਰਨ ਕਰਨ ਤੇ ਰੰਗ ਬਰੰਗੇ ਪਾਠ ਕਰਨ ਦੇ ਤਰੀਕੇ ਨਹੀਂ ਸਿਖਾਏ ਗਏ, ਸਗੋਂ ਪੰਥ ਦੀ ਚੜ੍ਹਦੀ ਕਲਾ ਵਾਸਤੇ, ਨਿਰਭੈ ਹੋ ਕੇ, ਹਿੱਕਾਂ ਤਾਣਕੇ, ਕਲਮ ਦੀ ਬੇਜੋੜ ਤਾਕਤ ਰਾਹੀਂ, ਸੰਸਾਰ ਸਨਮੁਖ ਗੁਰਬਾਣੀ ਦੇ ਚਾਨਣ ਵਿਚ, ਹੱਕ ਪ੍ਰਾਪਤ ਕਰਨ ਲਈ ਮਰਦੇ ਮੁਜਾਹਿਦ ਬਣਾਉਦੀਆਂ ਹਨ। ਜੋ ਲੇਖਕ ਵਿਕਾਊ ਨਹੀਂ ਬਣੇ, ਭਾਵੇਂ ਘਰ ਜਮੀਨ ਸਭ ਵਿਕ ਗਏ। ਕੁਝ ਨਿਧੜਕ ਲੇਖਕਾਂ ਨੂੰ ਪੁਜਾਰੀਆਂ ਨੇ "ਪੰਥ" ਵਿਚ ਛੇਕ ਦਿਤਾ ਹੈ। ਬਾਕੀਆਂ ਨੂੰ ਛੇਕਣ ਦੀ ਤਿਆਰੀ ਵਿਚ ਹਨ। ਅਸੀਂ ਵਿਸ਼ਵਾਸ਼ ਦੁਆਉਂਦੇ ਹਾਂ ਕਿ ਸਾਡੀਆਂ ਪਰਖੀਆਂ ਤੇ ਪੜੀਆਂ ਹੋਈਆਂ ਕਿਤਾਬਾਂ ਹੀ ਤੁਹਾਡੇ ਹੱਥਾਂ ਵਿਚ ਪੁਜਣਗੀਆਂ। ਗੁਰਮਤਿ ਵਿਰੋਧੀ ਕੂੜਾ ਕਰਕਟ ਨਹੀਂ ਪੁੱਜੇਗਾ। ਵਿਗਿਆਨਕ ਨਜ਼ਰੀਏ ਨਾਲ ਗੁਰਬਾਣੀ ਦੀ ਕਸਵੱਟੀ ਤੇ ਪਰਖੀਆਂ, ਤੱਤ ਗੁਰਮਤਿ ਪੁਸਤਕਾਂ ਤੇ ਸੀ.ਡੀਜ਼. ਮੰਗਾਉਣ ਲਈ ਸਾਡੇ ਨਾਲ ਸੰਪਰਕ ਕਰੋ ਜੀ।

ਕਿਤਾਬਾਂ ਮਿਲਣ ਦਾ ਪਤਾ

ਕੰਵਰਦੀਪ ਸਿੰਘ
ਫਤਿਹ ਪਬਲੀਕੇਸ਼ਨਜ਼
91-ਵਿਦਿਆ ਨਗਰ, ਸਾਹਮਣੇ ਪੰਜਾਬੀ ਯੂਨੀਵਰਸਿਟੀ,
ਪਟਿਆਲਾ (ਪੰਜਾਬ)। ਮੋਬ. : 98144-55582